# A Tribute to the Icons

## ਬਿਰਹਾ ਦਾ ਸੁਲਤਾਨ

# ਸ਼ਿਵ ਬਟਾਲਵੀ



ਜ਼ੋਬਨ ਰੁਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ
ਜ਼ੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ

ਸੁਰਜਨ ਸਿੰਘ ਗਿੱਲ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com




ਅਸੀਂ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਤਕਰੀਬ ਦੀ ਤਰਤੀਬ ਨਿਰਧਾਰਿਤ ਕਰ ਲਈ ਹੈ। ਲੰਡਨ ਵਿੱਚ ਮੇਅਰ ਕੈਨ ਲਿਵਿੰਗਸਟਨ ਨੇ ਇੱਕ ਸਮਾਰੋਹ ਆਯੋਜਿਤ ਕੀਤਾ ਸੀ ਜਿਸ ਵਿੱਚ ਦਿੱਲੀ ਦੀ ਚੀਫ਼ ਮਨਿਸਟਰ ਸ਼ੀਲਾ ਦਿਕਸ਼ਿਤ ਖ਼ਾਸ ਮਹਿਮਾਨ ਸੀ। ਇਸੇ ਸਮੇਂ ਪ੍ਰਿੰਸੀਪਲ ਕਨ੍ਹਈਆ ਲਾਲ ਕਪੂਰ ਦੀ ਨਿਕਟ ਵਰਤੀਆਂ ਵਿੱਚੋਂ ਡਾ: ਯਾਦਵਿੰਦਰ ਕੌਰ ਕਪੂਰ ਵੀ ਹਾਜ਼ਰ ਸੀ। ਵਾਰਤਾਲਾਪ ਦੇ ਦੌਰਾਨ ਪ੍ਰੋ: ਕਪੂਰ ਨੂੰ ਅਸੀਂ 'ਸ਼ਿਵ' ਬਾਰੇ ਆਪਣੇ ਆਗਾਮੀ ਪ੍ਰੋਗਰਾਮਾਂ ਦਾ ਵੇਰਵਾ ਦੱਸਿਆ। ਉਹ ਇਸ ਯੋਜਨਾ ਨੂੰ ਸੁਣਕੇ ਗਦ-ਗਦ ਹੋ ਗਏ। ਉਹਨਾਂ ਇਸ ਪ੍ਰਾਜੈਕਟ ਵਿੱਚ ਭਰਪੂਰ ਯੋਗਦਾਨ ਪਾਣ ਦਾ ਭਰੋਸਾ ਦਿੱਤਾ ਅਤੇ 'ਸ਼ਿਵ ਕੁਮਾਰ ਬਟਾਲਵੀ' ਨਾਲ ਆਪਣੀ ਅਦਬੀ ਸਾਂਝ ਦਾ ਦਰਪਣ ਦੱਸਿਆ। ਉਹ ਸ਼ਿਵ ਦੀ ਫੈਂਨ ਹੈ। ਹੋਰ ਵੀ ਲੱਖਾਂ ਲੋਕ ਹਨ।

ਮੈਨੂੰ ਪੰਜਾਬੀ ਫ਼ਿਤਰਤ ਦਾ ਗਿਆਨ ਹੈ। ਸਾਡੇ ਲੋਕ ਆਪਣੇ ਵਿਰਸੇ ਬਾਰੇ ਅਵੇਸਲੇ ਹਨ। ਸਾਡੇ ਪ੍ਰਾਜੈਕਟਾਂ ਦਾ ਇੱਕ ਮਕਸਦ ਇਹ ਵੀ ਹੈ ਕਿ ਆਪਣੇ ਲੋਕਾਂ ਨੂੰ ਆਪਣੇ ਵਿਰਸੇ ਪ੍ਰਤੀ ਜਗਾਈਏ। ਕਈ ਸਮਕਾਲੀ ਕਲਮਾਂ ਸਾਡੇ ਨਾਲ ਸਹਿਯੋਗ ਦੇਣ ਤੋਂ ਉਲਟ ਸਾਡੇ ਕੰਮਾਂ ਵਿੱਚ ਰੁਕਾਵਟਾਂ ਖੜੀਆਂ ਕਰਨ ਦੀ ਕੋਸ਼ਿਸ਼ ਵਿੱਚ ਲੱਗੀਆਂ ਹਨ।

ਬੇਗ਼ਮ ਅਖ਼ਤਰ ਪਹਿਲਾਂ ਅਖ਼ਤਰੀ ਬਾਈ ਸੀ। ਇੱਕ ਜੱਜ ਨੇ ਉਸਨੂੰ ਸੁਣਿਆ ਅਤੇ ਸਲਾਹਿਆ ਤੇ ਬੇਗ਼ਮ ਬਣਾਇਆ ਅਤੇ ਉਹ ਅਖ਼ਤਰੀ ਬੇਗ਼ਮ ਹੋ ਗਈ।

ਉਸਨੇ ਆਪਣਾ ਜਾ-ਨਸ਼ੀਨ ਗ਼ਜ਼ਲ-ਗੋ ਜਗਜੀਤ ਸਿੰਘ ਨੂੰ ਥਾਪਿਆ। ਜਗਜੀਤ ਸਿੰਘ ਨੇ ਸ਼ਿਵ ਕੁਮਾਰ ਨੂੰ ਬਖ਼ੂਬੀ ਗਾਵਿਆ। ਅਸੀਂ ਸ਼ਿਵ ਅਤੇ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਬੇਕਰਾਰ ਹਾਂ। ਇਸ ਸਮਾਗਮ ਦੇ ਮੁੱਖ ਮਹਿਮਾਨਾਂ ਵਿੱਚ ਫ਼ਨਕਾਰ ਜਗਜੀਤ ਸਿੰਘ ਵੀ ਸ਼ਾਮਿਲ ਹਨ।

**ਸੁਰਜਨ ਸਿੰਘ**



Sri Satguru Jagjit Singh Ji eLibrary NamdhariElibrary@gmail.com

# Asian Chronicle

London

Issue No. 1009
September 2003



# Shiv Batalvi

## Birha da Sultan

## A Tribute to 'Keats' of the Punjab



Sri Satguru Jagjit Singh Ji eLibrary NamdhariElibrary@gmail.com



# "ਸ਼ਿਵਾਂਜਲੀ"

ਸੁਰਜਨ ਸਿੰਘ ਗਿੱਲ

ਸੁਣਿਆ ਹੈ "ਜਿੱਥੇ ਨਾ ਪੁੱਜੇ ਰਵੀ, ਉੱਥੇ ਪੁੱਜੇ ਕਵੀ।" ਮੈਂ ਤਾਂ ਨਾ ਰਵੀ ਹਾਂ ਤੇ ਨਾ ਹੀ ਕਵੀ। ਮੈਂ ਕਿੱਥੇ ਪੁੱਜ ਸਕਦਾ ਹਾਂ? ਫੇਰ ਵੀ ਕੋਸ਼ਿਸ਼ ਕਰਦਾ ਹਾਂ ਕਿ ਆਪਣੇ ਹਿਰਦੇ ਤਕ ਹੀ ਪੁੱਜ ਸਕਾਂ। ਕਵੀ ਕਹਿੰਦਾ ਹੈ :-

## ਚੀਕ ਬੁਲਬੁਲੀ

ਬੁਲਬੁਲੀ ਪੰਜਾਬ ਵਿੱਚ
ਪੱਛਮ 'ਚ ਮੈਂ ਇੱਕ ਚੀਕ ਹਾਂ।
ਬਹੁਤ ਯਤਨਾਂ ਨਾਲ ਪੁਜਿਆ
ਅੱਜ ਦਿਲ ਦੇ ਤੀਕ ਹਾਂ।

ਅੱਜ ਦਿਲ ਦੇ ਰਾਹੀਂ ਸ਼ਿਵ ਕੁਮਾਰ ਦੀ ਰੂਹ ਤਕ ਪੁੱਜਣ ਲਈ ਯਤਨ-ਸ਼ੀਲ ਹੋ ਰਿਹਾ ਹਾਂ। ਕੁਝ ਤਸਵੀਰਾਂ ਅਤੇ ਕੁਝ ਨਜ਼ਮਾਂ ਮੇਰੇ ਮੇਜ਼ ਉੱਤੇ ਮੌਜੂਦ ਹਨ। ਇਸ ਦਰਪਣ ਵਿੱਚੋਂ ਮੈਂ 'ਕੁਲਾਜ' ਬਣਾ ਰਿਹਾ ਹਾਂ। ਸ਼ਿਵ ਕਿਸ ਵਰਗਾ ਪ੍ਰਤੀਤ ਹੁੰਦਾ ਹੈ, ਸੰਖੇਪ ਵਿੱਚ ਹਾਜ਼ਰ ਹੈ :-

"ਸ਼ਿਵ ਜਗਰਾਓਂ ਦੀ ਰੌਸ਼ਨੀ,
ਗੁੜਗਾਓਂ ਦੀ ਚਾਸ਼ਨੀ ਵਰਗਾ ਲੱਗਦਾ ਹੈ।
ਸ਼ਿਵ ਲੂਣਾ ਦੇ ਚੰਬੇ ਵਰਗੇ,
ਬਰਫ਼ ਦੇ ਫੰਭੇ ਵਾਂਗ ਦਿੱਸਦਾ ਹੈ।
ਸ਼ਿਵ ਕਦੇ ਤੋਤਲੀ ਬੋਲੀ ਬੋਲਦਾ ਪੋਤਾ,
ਕਦੇ ਬਾਬਾ ਬੋਹੜ ਦਿੱਸਦਾ ਹੈ।
ਸ਼ਿਵ ਕਦੇ ਰਾਂਝਾ ਕਦੇ ਹੀਰ,
ਕਦੇ ਮਹੀਂਵਾਲ ਵਾਂਗੂੰ ਰਿਹਾ ਪਟ ਚੀਰ
ਕਦੇ ਸੱਸੀ ਵਰਗਾ ਦਿਲਗੀਰ
ਕਦੀ ਕਾਲੀ ਦਾਸ ਜਿਹਾ ਗਹਿਰ ਗੰਭੀਰ ਹੋ ਨਿਬੜਦਾ ਹੈ।
ਕਦੇ ਰਿਸ਼ੀ ਵੇਦ ਵਿਆਸ
ਕਦੇ ਸ਼ਾਹ ਬਲੂਤ ਕਦੇ ਅਮਲਤਾਸ
ਕਦੇ ਝਨਾਂ ਕਦੇ ਬਿਆਸ
ਕਦੇ ਬਨ-ਕਪਾਸ, ਸਿੰਬਲ ਦਾ ਰੁੱਖ, ਕੇਸੂ ਦਾ ਫੁੱਲ
ਜਿਵੇਂ ਬਨਸਪਤੀ ਕੁੱਲ।
ਕਦੇ ਤਕੀਏ ਉੱਤੇ ਟਿਮ ਟਿਮਾ ਰਿਹਾ ਦੀਪ
ਕਦੇ ਦਿਲ ਤੋਂ ਦੂਰ, ਕਦੇ ਰੂਹ ਦੇ ਸਮੀਪ
ਕਦੇ ਹਕੀਕਤ ਕਦੇ ਸੁਪਣਾ, ਕਦੇ ਗ਼ੈਰ ਕਦੇ ਆਪਣਾ"

ਮੈਂ ਤਾਂ ਹਜ਼ਾਰ ਦੇ ਕਰੀਬ ਮਿਸਾਲਾਂ ਦੇ ਵਰਗ ਇਕੱਠੇ ਕੀਤੇ ਹਨ ਸ਼ਿਵ ਲਈ, ਪਰੰਤੂ ਅੰਤਮ ਗੱਲ ਆਖਦਾ ਹਾਂ
ਸ਼ਿਵ ਕਿਸੇ ਹੋਰ ਦਾ ਪਰਛਾਵਾਂ ਨਹੀਂ, ਸ਼ਿਵ ਤਾਂ ਆਪਣੇ ਵਰਗਾ ਆਪ ਸੀ
ਨਾ ਪਹਿਲੋਂ ਕੋਈ ਹੋਇਆ, ਅੱਗੇ ਸ਼ਾਇਦ ਕੋਈ ਨਾ ਹੀ ਹੋਵੇ।



Sri Satguru Jagjit Singh Ji eLibrary NamdhariElibrary@gmail.com

Asian Chronicle

*Editorial Board:*

*Managing Director:*
*Surjan Singh*

*Hon. Editor:*
*Ashwani Kumar*

*Asst. Overseas Editor:*
*H. Kasur(Toronto)*

*Asst. Overseas Editor:*
*Rupan Gill (Australia)*

*Exce. Editors:*
*C.S. Sandhu*
*H. S. Kanwal*

*Principal Office:*
20 Woodford Road,
London, UK,
E7 OHA.
Tel. 020 8522 0901
Cell. 07951 242014

*e/mail:*
*asianchronicle®,Canada.com*

*©Asian Chronicle 1989,*
*All rights reserved. No part of this publication may be reproduced in whole or part withouht the express consent of Asian Chronicle Magazine.*

*Asian Chronicle is publisher by WSAC, London,*
*20 Woodford Road,*
*London, UK.*
*E7OHA.*
*Tel. 020 8522 0901.*

During the editing of this souvenir lots of thoughts transpired in the minds of the organisers. It was further decided not to limit the souvenir to Shiv Batalvi but add another legend to this memento that of ***Ustad Nusrat Fateh Ali Khan.*** These two legends of the last century, icons of great poetry and exceptional Qawali, have a unique place in the history of Punjabi music and poetry. The early death of these two and the pinnacle of success achieved in a short period are the moments of melancholy and marvel the world can never forget.

It was in addition decided to hold a convention where these two stalwarts could be honoured and some awards in their names be presented to deserving individuals who have devoted their lives to further the cause of Punjabi.

Two names came up without any hesitation, the name of Ghazal Maestro, Jagjit Singh and Nightingale of Punjab, Surinder Kaur. It was decided that the 'Shiv Batalvi Award' be presented to Jagjit Singh and the 'Nusrat Fateh Ali Award' to Surinder Kaur. Both the accomplished artists have agreed to attend the function, which is to be held at the Albert Hall, London on the 2nd of November 2003.

There are some more awards, which will be awarded to some dignitaries arriving from India namely Dr. Manmohan Singh, Sri Kuldip Nayyar, Sri I.K. Gujral, Sri Raj Babbar and a few other important personalities and artists from India and Pakistan as well.

In compiling the articles for the souvenir, I will be shirking from my duties if I do not thank the following: Dr. C.S.Chan, S. Kartar Singh Duggal, S. Sant Singh Sekhon, Dr. Gurdial Singh Rai, Amrita Pritam, Dr. Manmohan Singh, Dr. and Mrs. Kailash Puri, S. Balraj Sidhu, Dr. Parminder Singh, Ms. Sukhjeet Gill, S. Jaswant Singh Kanwal, Dr. Ashoor Kazmi, Dr. Shabana Kazmi, Dr. Mohinder Paul Singh, S. Gurdeep Singh Sandhu and quite a few others whose ideas and ideologies I admire and put to paper.

The press staff of Fine Art Press, London is also worth mentioning who have tirelessly checked our mistakes and given us the right piece of advice.

My unending thanks are to the one and only S. Surjan Singh Gill, whose efforts are limitless. His last celebration on the 'Coronation' of Sher-e-Punjab Maharaja Ranjit Singh was held under his auspices at Southall, London, in April 2001. This seminar was a huge success, where he awarded twelve most prominent scholars of all denominations in different fields of literature. A beautiful souvenir on that occasion was the highlight of the function.

It is his sole endeavour to take upon his shoulders to stage this mammoth task. A Herculean effort by the Hercules of Modem ages whose love for his mother tongue Punjabi knows no bounds.

My sincere best wishes and unconditional support for the project.

*Kanwal*



Sri Satguru Jagjit Singh Ji eLibrary NamdhariElibrary@gmail.com

A TRIBUTE
TO
TO THE 'KEATS' OF PUNJAB




# ਬਿਰਹਾ ਦਾ ਸੁਲਤਾਨ
# ਸ਼ਰਧਾਂਜਲੀ






Sri Satguru Jagjit Singh Ji eLibrary NamdhariElibrary@gmail.com

# From the Editor's pen



Artists are born and not made. This brand of intelligentsia breeds only once in an era. There are a very few individuals with distinctive qualities who are given the gift of attaining the appellation of 'phenomenal poet of the Punjab'. The influence of their poetry has been so profound that in spite of their numbers being so few, without the talents of such people, the history of literature would have been very different. The ideal person is inherently endowed with a combination of much wisdom, knowledge and emotions combined with love, be it with God or a mortal, which finally blend to diffuse the person as one whole. This is the sort of galaxy that Shiv Kumar Batalvi belonged to.

Shiv has been universally hailed as one of the great poets of the Punjab. Nevertheless acquaintanceship with a few of his poems and songs such as 'Mae ni mae', 'Main ik shikra yaar banaya' and 'Asan taan joban rute marna' - has fostered the impression of Shiv as sentimental and romantic poet of a bygone era. His creativity overflowed with bawdiness, satire, heart rending and forlorn love, which embellished and enlivened his poetry to the extent of ecstasy.

Born the son of a Brahmin background, who would have imagined that he would one day become a poetical genius with a voice to match - solitary and passionate, which would flow like a torrential river or be calm like the stillness of a lake.

He began to create his own orbit within the poetical circles of Punjab and in a short span of life, he left an indelible mark on the history of Punjabi literature.

Gulzar, the great Urdu poet of the Indian screen, when asked about 'which poets he was most influenced by', remarked, "Shiv Batalvi, Oh God! What intensity he had! Take his lines; 'Kabran udeek diyan jiven putran nu Mavan' (Buriel grounds await like mothers await their sons). Such intense conditions could not have come from outside. Bulle Shah, Baba Farid, and Kabir wrote the simplest, direct poetry. You have to cross many horizons to reach their level."
Coming from a poet, himself of immense intensity, the above compliment is a feather in the cap of Shiv.

Sr. Surjan Singh Gill should be applauded for initiating this mammoth effort to present this souvenir to commemorate the great poet laureate whose poetry and memory has been embedded in our very conscious.

It is my privilege and honour to edit this memento.



Harjinder S. Kanwal

Sri Satguru Jagjit Singh Ji eLibrary NamdhariElibrary@gmail.com

# Shiv Kumar Batalvi



Shiv Kumar was born on July 23, 1936 in Bara Pind Lohtian (Shakargarh tehsil), in Punjab (now Pakistan). His father was a Patwari by the name of Pandit Krishan Gopal. After the partition his family moved to Batala. As a child Shiv is said to have been fascinated by birds and rugged, thorny plants on the Punjabi landscape. Shiv was exposed to the 'ramlila' at an early age, and it is to be expected that he received what was later to become his instinctive understanding of drama from these early performances.

Shiv passed his matriculate exams in 1953, from Punjab University. He went on to enrol in the F.Sc. programme at Baring Union Christian College in Batala. Before completing his degree he moved to S.N. College, Qadian into their Arts program. It is here that he began to sing ghazals and songs for his classmates. Shiv never gave the final exams he needed to pass to receive his degree.

Around this period, he met a girl at a fair in Baijnath. When he went back to look for her in her hometown, he heard the news of her death and wrote his elegy 'Maina'. This episode was to prefigure numerous other partings that would serve as material to distil into poems. Perhaps the most celebrated such episode is his fascination for Gurbaksh Singh's daughter who left for the US and married someone else. When he heard of the birth of her first child, Shiv wrote 'Main ek shikra yaar banaya', perhaps his most famous love poem. It's said that when she had her second child, someone asked Shiv whether he would write another poem. Shiv replied 'Have I become responsible for her? Am I to write a poem on her every time she gives birth to a child?' Sounds much better in Punjabi (main oda theka leya hoyaa? Oho bacche banayi jave te main ode te kavita likhda rehma?).

In 1965 Shiv won the Sahitya Akademi award for his verse-drama *Loona*. He married on Feb 5, 1967. His wife Aruna was a Brahmin from Kir Mangyal in district Gurdaspur. By all accounts Shiv had a happy marriage. He had two children, Meharbaan (b. Apr. 12, 1968) and Puja (b. Sep. 23, 1969) whom he loved immensely.

By 1968 he had moved to Chandigarh, but both Batala and Chandigarh became soulless in his eyes. Chandigarh brought him fame, but scathing criticism as well, Shiv replied with an article titled 'My hostile critics'. Meanwhile his epilepsy got worse and he had a serious attack while at a store in Chandigarh's section 22. In the early 70's Shiv came to Bombay for a literary conference. In keeping with Shiv's outrageous behaviour there is a story about his trip to Bombay as well. Part of the conference involved readings at Shanmukhananda hall. After a few people had read their work (one of whom was Meena Kumari), Shiv got on the stage and began "Almost everyone today has begun to consider themselves a poet, each and every person off the streets is writing ghazals". By the time he'd finished with his diatribe, there was not a sound in the hall. This is when he began to read 'Ek kuri jeeda naam mohabbat. gum hai, gum hai...'. There wasn't a sound when he finished either.

Shiv has been called a Bohemian. There were complaints about his drinking and some suggestions that his 'friends' had him drink so he would exhibit his outrageous self. Shiv Kumar died in the 36th year of his life on May 7, 1973 in his father-in-law's house at Kir Mangyal near Pathankot.



Sri Satguru Jagjit Singh Ji eLibrary NamdhariElibrary@gmail.com



# ਸ਼ਿਵ ਬਟਾਲਵੀ

## ਡਾ: ਮਨਮੋਹਨ ਸਿੰਘ ਆਈ-ਏ.ਐਸ. (ਸਾਬਕਾ ਫਾਈਨੈਂਸ ਮਨਿਸਟਰ) ਵੱਲੋਂ ਪ੍ਰਸ਼ੰਸਾ

੬ ਤੇ ੭ ਮਈ ਦੀ ਵਿਚਕਾਰਲੀ ਰਾਤ ਸ਼ਾਇਦ ਪੰਜਾਬੀ ਕਵਿਤਾ ਦੀ ਸਭ ਤੋਂ ਹਨੇਰੀ ਰਾਤ ਸੀ। ਜੀਵਨ ਵਿੱਚ ਹਰ ਗੱਲ ਦਾ ਸਮਾਂ ਹੁੰਦਾ ਹੈ, ਜੀਉਣ ਦਾ ਸਮਾਂ, ਲਿਖਣ ਦਾ ਸਮਾਂ ਤੇ ਸੰਸਾਰ ਨੂੰ ਛੱਡ ਕੇ ਜਾਣ ਦਾ ਸਮਾਂ। ਪਰ ਉਹ ਸਮਾਂ, ਮੈਂ ਸੋਚਦਾ ਹਾਂ ਮਰਨ ਦਾ ਸਮਾਂ ਨਹੀਂ ਸੀ। ਸ਼ਬਦਾਂ ਪ੍ਰਤੀ ਮੇਰੀ ਸੰਵੇਦਨਸ਼ੀਲਤਾ ਅਤੇ ਕਾਵਿਕ ਬਿੰਬ ਸਭ ਖੇਰੂੰ-ਖੇਰੂੰ ਹੋ ਗਏ। ਉਸ ਸਮੇਂ ਮੈਂ ਕੇਵਲ ਇੱਕ ਸੰਗੀਤ ਦੀ ਮੌਤ ਬਾਰੇ ਸੋਚ ਸਕਦਾ ਸਾਂ ਜਾਂ ਫੇਰ ਇਸ ਦੇ ਸਭ ਤੋਂ ਉੱਤਮ **"ਇਕ ਗੀਤ ਦੀ ਮੌਤ"** :

*ਜਿਹੜਾ ਸੁਰਮਈ ਰੰਗ*
*ਸੂਰਜ ਦੇ ਨਿਕਲਣ ਤੇ ਉਭਰਦਾ ਹੈ*
*ਅੱਜ ਓਹੀ ਰੰਗ ਕਾਲਾ ਹੋ ਗਿਆ ਹੈ*
*ਤੇ ਸੁਬ੍ਹਾ ਨੂੰ ਕੁੜੱਤਣ ਦਾ ਸੋਗ ਦਿੰਦਾ ਹੈ*
*ਅੱਜ ਫਿਰ ਇੱਕ ਸੂਰਜ ਦੀ*
*ਅਰਥੀ ਉਠਾਈ ਜਾ ਰਹੀ ਹੈ*
*ਸੂਰਜ ਦੀਆਂ ਹਾਰੀਆਂ ਹੋਈਆਂ*
*ਕਿਰਨਾਂ ਦੇ ਮੋਢਿਆਂ ਤੇ*
*ਕੀ ਅਸੀਂ ਜਾਣ ਵਾਲੇ ਨੂੰ*
*ਉਸਦੇ ਬੋਲਾਂ ਨਾਲ ਬੁਲਾ ਸਕਦੇ ਹਾਂ?*
*ਕੀ ਉਹ ਸੁਣੇਗਾ ਤੇ ਪਿੱਛੇ ਦੇਖੇਗਾ?*





Sri Satguru Jagjit Singh Ji eLibrary NamdhariElibrary@gmail.com

# Birha Da Sultan



Shiv Kumar was the only Modern Punjabi poet who sung like a phoenix that his own fire eventually consumed him.

One day while talking to me he asked, "Who has sown the seeds of sighs in my chest? Who has transplanted sorrows in my thoughts? I am a sigh escaping from a woman's womb, moist with cold sweat... I am a shrill cry of a lonely bird in the sky of her womb. I am a falling star in the ocean of her milk...like a dying ember in her hearth."

And he added, "1 shoved this sigh in the pocket of my life, which gradually rusted, a coloured sigh has a thousand names – broken promises, agonising pains...one day the coloured lips got burnt, the death of my first love quietened them, my sigh tried to commit suicide, but there were a few friends – a few commitments – a few dreams that held it back, probably the unfulfilled dreams were reaching out for fulfilment. They were drenched in the spring of pain and the flowers of hope blossomed...the hope did not die, nor did the life. These, my songs, are the wounded birds and their painful moans are my poetry."

And he started living intensely, in a breathless haste. He embraced the whole of Punjab in his tender arms and held tight the land, the trees and even the thorny cactus.

And now when he is no more with us, I feel the 'king of sorrow' has gone to God to borrow some fresh and virgin pains.

**Amrita Pritam**

1 do not think that anyone else has sung Shiv as beautiful and with intense emotion as did Jagjit Singh and Chitra Singh. Jagjit and Chitra's vibrant and modernistic approach to Shiv's extraordinary lyrics is very much evident in their first disc in Punjabi - "Shiv Kumar - Birha da Sultan" (Kanwal)





Sri Satguru Jagjit Singh Ji eLibrary NamdhariElibrary@gmail.com

# Punjabi Poets & Singers



S. Sampuran Singh known as "Gulzar"



Jagjit Singh- the Ghazal King



The "Saranda" Modelled by Guru Arjan Dev



Shiv Batalvi - the 'Keats' of Panjab



Amrita Pritam - the Renown Poetess



Surinder Kaur - the Nightingale of Panjab



Assa Singh Mastana - Folk Singer



Sri Satguru Jagjit Singh Ji eLibrary NamdhariElibrary@gmail.com

ਸੁਖਜੀਤ ਕੌਰ ਪੰਜਾਬ ਦੀ ਨਵੀਂ ਪੀੜੀ ਦੀ ਸੁਗ਼ਮ-ਸੁਖ਼ਮ ਆਵਾਜ਼ ਹੈ, ਨਵੇਂ ਚਿੰਤਨ ਦੀ ਪ੍ਰਤੀਕ ਹੈ ਅਤੇ ਉੱਜਲ ਸਾਹਿਤਕ ਦੀ ਭਲਕ ਹੈ। ਸੁਚੱਜਾ ਹੀਰਾ 'ਸ਼ਿਵ' ਵਿੱਚ ਉਸਨੇ ਮਾਨੋ ਸਾਗਰ ਹੀ ਗਾਗਰ ਵਿੱਚ ਪਾ ਛੱਡਿਆ ਹੈ। ਸੁਚੱੜੇ ਹੀਰੇ 'ਸ਼ਿਵ ਕੁਮਾਰ ਬਟਾਲਵੀ' ਦੀ ਆਭਾ ਨਾਲ ਨਾ ਕੇਵਲ ਪੰਜਾਬ ਹੀ ਰੌਸ਼ਨ ਹੋਇਆ ਸਗੋਂ ਇਸ ਦੀ ਪ੍ਰਕਿਰਤੀ ਬ੍ਰਹਿਮੰਡਕ ਹੋ ਗਈ ਹੈ। ਬੀਬੀ ਸੁਖਜੀਤ ਕੌਰ ਦੇ ਜਨਮ ਤੋਂ ਪਹਿਲਾਂ ਹੀ ਕੁਦਰਤ ਵਿੱਚ ਵਲੀਨ ਹੋ ਚੁੱਕੇ 'ਸ਼ਿਵ' ਦੀ ਛਾਪ ਪਾਰ-ਦਰਸ਼ੀ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ 'ਸ਼ਿਵ' ਮੋਗੇ ਵਿਖੇ ਗ਼ਜ਼ਲ-ਗੋਈ ਦੀ ਸ਼ਾਮ ਵਿੱਚ ਜਲਵਾਗਰ ਹੈ।

ਸੁਖਜੀਤ ਕੌਰ ਦੀ ਨਜ਼ਮ ਦੇ ਨਾਲ ਜੋ ਖ਼ਤ ਆਪ ਨੇ ਯੁਗ ਪੁਰਸ਼ ਸ. ਸੁਰਜਨ ਸਿੰਘ ਜੀ ਦੇ ਨਾਮ ਲਿਖਿਆ ਹੈ ਉਹ ਪੇਸ਼ ਹੈ (ਸੰਪਾਦਕ)



ਸਤਿਕਾਰਯੋਗ ਅੰਕਲ ਜੀ,

ਸਤਿ ਸ੍ਰੀ ਅਕਾਲ

ਮੈਂ ਸ਼ਿਵ ਕੁਮਾਰ ਤੇ ਛੋਟੀ ਜਹੀ ਰਚਨਾ ਲਿਖੀ ਹੈ। ਇਸਨੂੰ ਵਧੀਆ ਲਿਖਣ ਲਈ ਬਹੁਤ ਯਤਨ ਕੀਤਾ ਹੈ। ਇਸ ਵਿੱਚ ਬਹੁਤ ਸਾਰੀਆਂ ਊਣਤਾਈਆਂ ਹੋਣਗੀਆਂ। ਇਨ੍ਹਾਂ ਕਮੀਆਂ ਬਾਰੇ ਜ਼ਰੂਰ ਸੁਚੇਤ ਕਰਨਾ।

ਬਹੁਤ ਹੀ ਸਤਿਕਾਰ ਨਾਲ,

ਸੁਖਜੀਤ

# "ਸੁਚੱੜਾ ਹੀਰਾ ਸ਼ਿਵ"



ਸ਼ਿਵ ਧਰਤ ਦਾ ਸੁਚੱੜਾ ਹੀਰਾ,
ਬਿਰਹੋਂ ਰੂਪੀ ਕੱਚੀ ਲੱਸੀ ਵਿੱਚ,
ਛੱਤੀ ਵਰ੍ਹੇ ਰਿਹਾ ਡਬੋਇਆ।
ਇੱਕ ਦਿਨ ਨੀਲੇ ਅੰਬਰ ਚੁਕ ਕੇ,
ਗਲ ਆਪਣੇ ਦੀ ਮਾਲਾ ਦੇ ਵਿੱਚ,
ਵਾਂਗ ਮੋਤੀਆਂ ਸੀ ਪਰੋਇਆ।
ਧਰਤ ਵਿਛੁੰਨੀ ਧਾਹਾਂ ਮਾਰੇ,
ਰੋ-ਰੋ ਕੇ ਅੰਬਰ ਨੂੰ ਆਖੇ,
ਕਿਉਂ ਉਸਦਾ, ਉਸ ਚਾਨਣ ਖੋਹਿਆ?
ਆਖੇ ਅੰਬਰ, ਮੈਂ ਆਸ਼ਕ ਉਸ ਦਾ,
ਮੈਥੋਂ ਬਿਨਾਂ ਨਾ ਹੋਰ ਕਿਸੇ ਦਾ,
ਤਾਹੀਓਂ ਮੈਂ ਆਪਣੇ 'ਚ ਸਮੋਇਆ।
ਇਸ ਧਰਤੀ ਦਾ ਸੁੱਚੜਾ ਹੀਰਾ,
ਉਸ ਦਿਨ ਤੋਂ ਅੰਬਰ ਵਿੱਚ ਜਾ ਕੇ,
ਸਦਾ ਲਈ ਕੁਦਰਤ ਦਾ ਹੋਇਆ।



Sri Satguru Jagjit Singh Ji eLibrary NamdhariElibrary@gmail.com

# Panjabi Poetess and Novelist of the modern Era



Ms Sukhwinder Amrita



Ms Satwant Kaur
Chani, Holland



Ms Beant Kaur Gill
Moga



Ms Balli Kaur Jaswal
Singapore



Prof. J.P. Kaur
Mukatsar



Ms Manpreet Vir
London



Miss Preet
Montreal, Canada



Sri Satguru Jagjit Singh Ji eLibrary NamdhariElibrary@gmail.com

**S. Surjan Singh Gill,**
*Director,*
*Punjabi Heritage London,*
*34 Keith Road,*
*Hayes,*
*Middless UB3 4HP*
*England*



June 10/03

ਸਨਮਾਨੇ ਵੀਰ ਗਿੱਲ ਜੀ,

ਨਿੱਘੀ ਯਾਦ।

ਕਦੀ ਕੋਈ ਮਿਲਦਾ ਹੈ ਤਾਂ ਉਹਦੀ ਸਥਿਤੀ ਨਾਲ ਹਜ਼ਾਰਾਂ ਸੂਰਜ ਚਮਕ ਪੈਂਦੇ ਨੇ—ਇਹੋ ਜਿਹੇ ਵਿਅਕਤੀ ਨੂੰ ਵੇਖਣ ਲਈ ਅੱਖਾਂ ਉਡੀਕਦੀਆਂ ਨੇ—ਤੁਹਾਨੂੰ ਮਿਲਕੇ ਕੁਝ ਏਸੇ ਤਰ੍ਹਾਂ ਦਾ ਅਹਿਸਾਸ ਹੋਇਆ, ਤੇ ਛਾਤੀ ਤੋਂ ਆਵਾਜ਼ ਆਈ...ਜ਼ਹੇ ਨਸੀਬ!

ਮਿਲਣੀ ਲਈ ਧੰਨਵਾਦ। ਇਹ ਮੇਰਾ ਯਕੀਨ ਹੋਰ ਵੀ ਪਕੇਰਾ ਹੋ ਗਿਆ ਹੈ ਕਿ ਵੀਰ ਸ੍. ਸੁਰਜਨ ਸਿੰਘ ਗਿੱਲ ਨਾਲ ਕਿਸੇ ਨੂੰ ਮੇਲਿਆ ਨਹੀਂ ਜਾ ਸਕਦਾ। ਇਹ ਵਿਲੱਖਣਤਾ ਸਿਰਫ਼ ਤੁਹਾਡੀ ਹੀ ਹੈ ਹਰ ਉਸ ਧਰਤੀ ਨੂੰ, ਜਿੱਥੇ ਧਰਤੀ ਦਿਲ ਵਾਂਗ ਵਿਸ਼ਾਲ ਤੇ ਜਜ਼ਬਿਆਂ ਨਾਲ ਮਹਿਕਦੀ ਹੈ।

ਸ਼ਿਵ ਕੁਮਾਰ ਬਟਾਲਵੀ ਦਾ 'ਦਿਵਸ' ਮਨਾਣਾਂ, ਪੰਜਾਬੀ ਸਾਹਿਤ ਜਗਤ ਵਿੱਚ ਸਹੀ ਮਾਅਨੇ ਵਿੱਚ ਕਵੀ ਦੀ ਕਲਮ ਨੂੰ ਨਮਸਕਾਰ ਕਰਨਾ ਹੈ। ਅਜਿਹਾ ਕਵੀ ਜੋ ਸਪਿਰਿਚੁਅਲ ਦੁਨੀਆਂ ਵਿੱਚੋਂ ਤੁਹਾਡੇ ਵੱਲ ਵੇਖਦਿਆਂ ਲੱਖ ਅਸੀਸਾਂ ਦੇ ਗੁੰਚੇ ਤੁਹਾਡੇ ਤੋਂ ਨਿਛਾਵਰ ਕਰ ਰਿਹਾ ਹੈ। ਤੁਹਾਡੀ ਏਸ ਪਛਾਣ ਏਸ ਯਾਦਆਵਰੀ ਲਈ ਜੀਅ ਤੁਹਾਡੇ ਹੱਥ ਚੁੰਮਣ ਨੂੰ ਜੀਅ ਕਰਦੈ — ਮੇਰੇ ਹੋਠਾਂ ਤੇ ਨਚਦੀਆਂ ਨੇ ਅਸੀਸਾਂ। ਸ਼ੁਕਰੀਆ, ਵੀਰ ਗਿੱਲ ਸਾਹਿਬ।

ਅਸਾਂ ਦੋਨਾਂ ਮੀਆਂ ਬੀਵੀ ਨੇ ਇੰਗਲੈਂਡ ਵਿੱਚ ਆਪਣੇ ਗ਼ਰੀਬਖ਼ਾਨੇ 'ਬੱਕਲੈਂਡਜ਼', ਲਿਵਰਪੂਲ, ਵਿੱਚ ਪਹਿਲੀ ਵਾਰ ਅਤੇ ਉਹਦੇ ਵਤਨ ਪਰਤਦਿਆਂ ਅਖ਼ੀਰਲੀ ਵਾਰ ਏਸ ਨਾਯਾਬ ਕਵੀ ਨੂੰ ਡਿੱਠਾ। ਖ਼ੁਦਾ ਨੇ ਸਾਨੂੰ ਮੇਜ਼ਬਾਨੀ ਬਖ਼ਸ਼ੀ — ਜ਼ਹੇ ਨਸੀਬ!

ਸ਼ਿਵ ਸਿਰਫ਼ ਇਸ ਯੁੱਗ ਦਾ ਕਵੀ ਨਹੀਂ, ਉਹ ਤਾਂ ਪਹਿਲਾਂ ਵੀ ਸੀ ਤੇ ਹਮੇਸ਼, ਹਮੇਸ਼ ਜ਼ਿੰਦਾ ਰਹੇਗਾ..........

*'ਕਬਰਾਂ ਉਡੀਕਦੀਆਂ ਜਿਉਂ ਪੁਤਰਾਂ ਨੂੰ ਮਾਵਾਂ*
*ਕੀ ਪੁਛਦੇ ਹੋ ਹਾਲ ਫ਼ਕੀਰਾਂ ਦਾ, ਸਾਡਾ ਨਦੀਓਂ ਵਿਛੜੇ ਨੀਰਾਂ ਦਾ...*
*...ਜੋ ਕੋਈ ਮਰਦਾ ਫੁਲ ਬਣੇ ਜਾਂ ਤਾਰਾ...'*
*ਕੂੰਜਾਂ ਦੀ ਗੂੰਜ ਵਿੱਚ ਜਮਨਾਂ ਦੀ ਤਮੰਨਾ ਰਲ ਗਈ ਤਾਂ ਸਾਹਮਣੇ ਸ਼ਹੁ ਦਰਿਆ ਵਗਣ ਲਗਾ।*

ਤੁਸੀਂ ਮੈਂ ਸੋਚਦੀ ਹਾਂ, ਉਸ ਧਰਤੀ ਨੂੰ ਬੀਲੌਂਗ ਕਰਦੇ ਹੋ, ਹਰ ਉਸ ਦੇਸ਼ ਨੂੰ ਜਿੱਥੇ ਅਦਬ ਤੇ ਕਲਚਰ ਰਾਤ ਦਿਨ ਵਸਦੇ ਹਨ — ਹਰ ਤਰ੍ਹਾਂ ਦੀ ਹੱਦਬੰਦੀ ਤੋਂ ਸੁਰਖ਼ਰੂ। ਤੁਸੀਂ ਹਰ ਉਸਦੇ ਦੋਸਤ ਹੋ ਜਿੱਥੇ ਦਿਲਾਂ ਨੂੰ ਸੁਣਨਾ ਵੀ ਔਂਦਾ ਹੈ, ਵੇਖਣਾ ਵੀ ਤੇ ਪਹਿਚਾਨਣਾ ਵੀ। ਤੁਸੀਂ ਬੀਲੌਂਗ ਕਰਦੇ ਹੋ ਹਰ ਉਸ ਕੌਮ ਨੂੰ ਜਿਸਦੇ ਲੋਗ ਕਿਸੇ ਵੀ ਬੀਤੇ ਹੋਏ ਵਿੱਚ ਨਹੀਂ ਜੀਉਂਦੇ, ਨਿਰੋਲ ਅੱਜ ਵਿੱਚ ਜੀਉਂਦੇ ਹਨ ਤੇ ਅੱਜ ਵਾਂਗ ਹੀ ਆਪਣੇ ਆਪ ਨਾਲ ਜੀਉਂਦੇ ਜਾਗਦੇ ਹਨ। ਤੁਸੀਂ ਉਹਦੇ ਹੋ, ਹਰ ਉਸ ਰਾਤ ਤੇ ਹਰ ਉਸ ਦਿਨ ਦੇ ਜਿੱਥੇ ਹਰ ਰਾਤ ਇੱਕ ਨਵੀਂ ਕਿਰਤ ਦੇ ਖ਼ਿਆਲ ਨੂੰ ਕੁੱਖ ਵਿੱਚ ਪਾ ਕੇ ਸੌਂਦੀ ਹੈ ਤੇ ਜਿੱਥੇ ਹਰ ਸਵੇਰ ਇੱਕ ਨਵਾਂ ਗੀਤ ਗੁਣਾਂਦੀ ਦਿਨ ਦੀਆਂ ਤੇ ਭਵਿੱਖ ਦੀਆਂ ਪੌੜੀਆਂ ਚੜ੍ਹਦੀ ਹੈ।



Sri Satguru Jagjit Singh Ji eLibrary NamdhariElibrary@gmail.com



*Mrs. Kailash Puri with S. Surjan Singh Gill, (London)*



ਇਹੋ ਜਹੀ ਤਰਬੀਅਤ, ਹਾਜ਼ਰੀ ਤੇ ਹੋਂਦ, ਗਿੱਲ ਸਾਹਿਬ ਤੁਹਾਡੀ ਹੈ — ਤਹਿ ਦਿਲ ਤੋਂ ਏਸ ਹੁਸੀਨ ਦਿਨ ਦੀ ਮੁਬਾਰਕ ਪੇਸ਼ ਹੈ। ਜਿੱਤ ਤਾਂ ਹੋਣੀ ਹੀ ਸੀ — ਕੋਈ ਸ਼ੱਕ ਸ਼ੁਭਾ ਨਹੀਂ ਸੀ। ਬਹੁਤ ਬਹੁਤ ਮੁਬਾਰਕ...ਇੰਜ ਹੀ ਤੁਹਾਡੇ ਵਿਹੜੇ ਖ਼ੁਸ਼ੀਆਂ ਦੇ ਦੀਵੇ ਜਗਦੇ ਰਹਿਣ।

ਜੋ ਮਹਾਨ ਸ਼ਾਇਰ 'ਸ਼ਿਵ ਬਟਾਲਵੀ' ਬਾਰੇ ਆਪ ਜੀ ਇੱਕ ਸੂਵਨੀਅਰ ਛਾਪ ਰਹੇ ਹੋ, ਬੜਾ ਹੀ ਸ਼ਲਾਘਾ ਯੋਗ ਉੱਦਮ ਹੈ ਜੋ ਆਪ ਜੀ ਵਰਗਾ ਸ਼ਕਸ ਹੀ ਐਸੇ ਕੰਮ ਦਾ ਬੀੜਾ ਚੁੱਕ ਸਕਦਾ ਹੈ। 'ਸ਼ਿਵ' ਪਹਿਲੀ ਵਾਰ ਵਲੈਤ ਸਾਡੇ ਕੋਲ ਹੀ ਆਇਆ ਸੀ। ਉਸ ਵਰਗਾ ਹਸੀਨ ਅਤੇ ਦਿਲਦਾਰ ਸ਼ਾਇਰ ਸ਼ਾਇਦ ਹੀ ਹੋਰ ਹੋਵੇ। ਥੋੜ੍ਹੇ ਸਮੇਂ ਵਿੱਚ ਹੀ ਉਸਨੇ ਸਾਨੂੰ ਕੀਲ ਲਿਆ ਅਤੇ ਉਸਦਾ ਪਿਆਰ ਅੱਜ ਇੱਕ ਮਿੱਠੀ ਯਾਦ ਬਣਕੇ ਸਾਡੇ ਜ਼ਹਿਨ ਵਿੱਚ ਬਸ ਗਿਆ ਹੈ। ਉਸ ਦੀਆਂ ਕੁਝ ਕੁ ਤਸਵੀਰਾਂ ਆਪ ਜੀ ਨੂੰ ਭੇਜ ਰਹੀ ਹਾਂ ਜੋ ਸੂਵਨੀਅਰ ਦੇ ਕੰਮ ਆਉਣਗੀਆਂ। ਸੂਵਨੀਅਰ ਦੀ ਕਾਪੀ ਜ਼ਰੂਰ ਭੇਜਣੀ।

ਇਹ ਨਿਰੋਲ ਤੁਹਾਡਾ ਨਸੀਬ ਏ — ਨਿਰਪੱਖ, ਨਿਸ਼ਕਾਮ ਅਤੇ ਨਿਧੜਕ...ਅਕੀਦਤ ਤੋਂ ਬਿਨਾਂ ਸੀਨਾ ਖ਼ਾਲੀ ਰਹਿੰਦਾ ਹੈ। ਯਕੀਨ ਨਾਲ ਆਖ ਸਕਦੀ ਹਾਂ, ਪੰਜਾਬੀ ਸਾਹਿਤ-ਜਗਤ ਨੂੰ ਤੁਹਾਡੇ ਤੇ ਲਾਇੰਤਹਾ ਮਾਣ, ਗੌਰਵ ਅਤੇ ਸ਼ੁਕਰਾਨੇ ਦਾ ਅਹਿਸਾਸ ਹੈ ।

ਜਿਸਦੇ ਵਜੂਦ ਦੀ ਮਿੱਟੀ 'ਚੋਂ ਸਾਡਾ ਆਪਣਾ ਵਜੂਦ ਉਗਿਆ — ਉਸਦੇ ਇਤਿਹਾਸ ਨੂੰ ਅਤੇ ਤੁਹਾਨੂੰ ਇਹ ਨਮਸਕਾਰ ਹੈ।

ਸਾਰੇ ਮਾਣ ਅਤੇ ਮੋਹ ਨਾਲ,

ਤੁਹਾਡੀ ਵਡਿਕੀ ਭੈਣ,

*Mrs. Kailash Puri*

**Kailash G. Puri FRSA**
**6 Haven Green Court,**
**Haven Green,**
**London W5 2VZ**

Novelist, Agony Aunt T.V. Asia & Ch.East. Columnist, Pardesan Weekly
Director, East-West Family Advisory Centre. Vice President, Women's Federation for World Peace U.K.
President, Punjabi Women Social & Cultural Society. U.K. Patron Woman of the Year Lunch 7 Assembly.
Ambassador for Peace.



Sri Satguru Jagjit Singh Ji eLibrary NamdhariElibrary@gmail.com

# ਬਹੁਪੱਖੀ ਸ਼ਖ਼ਸੀਅਤ ਮਿਲੇਨੀਅਮ ਪੁਰਖ
# ਸ. ਸੁਰਜਨ ਸਿੰਘ ਗਿੱਲ

ਡਾ. ਚੰਨਣ ਸਿੰਘ ਚੰਨ (ਯੂ.ਕੇ.)



ਅਕਾਲ ਪੁਰਖ ਨੇ ਹਰ ਪ੍ਰਾਣੀ ਮਾਤਰ ਨੂੰ ਕਿਸੇ ਕਾਰਜ ਵਿਸ਼ੇਸ਼ ਲਈ ਇਸ ਸੰਸਾਰ ਵਿਚ ਭੇਜਿਆ ਹੈ। ਕਈ ਵਿਅਕਤੀ ਖਾਣ ਲਈ ਜਿਊਂਦੇ ਤੇ ਕਈ ਜਿਊਣ ਲਈ ਖਾਂਦੇ ਜੀਵਨ ਬਤੀਤ ਕਰਦੇ ਹਨ। ਕੋਈ ਵਿਰਲਾ-ਵਿਰਲਾ ਆਪਣੀਆਂ ਵਿਰਸੇਗਰ ਕਦਰਾਂ/ਕੀਮਤਾਂ ਉੱਤੇ ਪਹਿਰਾ ਦੇਂਦਾ ਮਾਨਵਤਾ ਦੇ ਕਲਿਆਣ ਮੂਲਕ ਕਾਰਜਾਂ ਵਿਚ ਅਸਤ-ਵਿਅਸਤ ਰਹਿੰਦਾ ਹੈ ਅਤੇ ਗੁਰੂ-ਆਦਰਸ਼ਾਂ ਅਨੁਸਾਰ ਇਸ ਨਾਸ਼ਵੰਤ ਸਰੀਰ ਦਾ ਸੁਆਸ-ਸੁਆਸ ਨੇਕ ਕਾਰਜਾਂ ਅਤੇ ਸੇਵਾ ਦੇ ਵਿਚ ਜੁਟਾਇ ਕੇ ਸੁਰਖ਼ਰੂ ਹੁੰਦਾ ਹੈ। ਸ. ਸੁਰਜਨ ਸਿੰਘ ਗਿੱਲ ਵੀ ਅਜਿਹੇ ਉੱਦਮੀ ਅਤੇ ਪਰਉਪਕਾਰੀ ਜੀਵੜਿਆਂ ਵਿਚੋਂ ਹਨ, ਜਿਹਨਾਂ ਦੇ ਮਹਾਨ ਪ੍ਰਾਜੈਕਟ , ਸੇਵਾ-ਯੱਗ ਅਤੇ ਗੁਰਸਿੱਖ ਜੀਵਨ ਇੱਕ ਰੋਲ-ਮਾਡਲ ਸਿੱਧ ਹੋਇਆ ਹੈ। ਬੀਤੀ ਅੱਧੀ ਸਦੀ ਆਪ ਜੀ ਦੇ ਸ਼ੁੱਭ ਕਾਰਜਾਂ ਨਾਲ ਭਰੀ ਪਈ ਹੈ।

ਮਾਲਵੇ ਦੀ ਪਿਛੋਕੜ ਦਾ ਮਲੇਸ਼ੀਆ ਦਾ ਜੰਮਪਲ ਸ. ਗਿੱਲ ਆਸਟਰੇਲੀਆ ਦੇ ਪ੍ਰਾਚੀਨ ਨਗਰ 'ਵੂਲਗੂਲਗਾ' ਤੋਂ ਲੈ ਕੇ ਉੱਤਰੀ ਅਮਰੀਕਾ ਦੇ ਇਤਿਹਾਸਕ ਸ਼ਹਿਰ 'ਵੈਨਕੂਵਰ' ਤਕ ਵਸੇ ਹੋਏ ਸਿੱਖ ਪ੍ਰਵਾਸੀ ਜਗਤ ਦਾ ਗਲੋਬਲ ਅੰਬੈਸੇਡਰ ਹੈ। ਕਲਗੀਧਰ ਦਸਮ ਪਿਤਾ ਜੀ ਨੇ ਮਾਲਵੇ ਦੇ ਸਿੱਧੂ, ਬਰਾੜਾਂ ਅਤੇ ਗਿੱਲਾਂ ਨੂੰ ਗਲ ਨਾਲ ਲਾ ਕੇ ਅਨੇਕ ਬਰਕਤਾਂ, ਰਹਿਮਤਾਂ ਅਤੇ ਬਖ਼ਸ਼ਿਸ਼ਾਂ ਪ੍ਰਦਾਨ ਕੀਤੀਆਂ ਸਨ। ਆਪ ਜੀ ਵਰੋਸਾਏ ਹੋਏ ਮਹਾਨ ਸ਼ਖ਼ਸੀਅਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦੇ ਅਦੁੱਤੀ ਅਤੇ ਜਾਂਬਾਜ਼ ਦੇ ਸੱਚੇ ਵਾਰਿਸ ਸਾਬਤ ਹੋਏ ਹਨ।

ਕੋਈ ਪੌਣੀ ਕੁ ਸਦੀ ਪਹਿਲਾਂ ਜਦ ਮੈਂ ਪਹਿਲੀ ਵਾਰ ਵੈਨਕੂਵਰ ਵਿਖੇ ਸਿੱਖ ਵਿਰਸਾ ਪ੍ਰਦਰਸ਼ਨੀ ਲੈ ਕੇ ਗਿਆ ਤਾਂ ਬਹੁਤਾ ਸਮਾਂ ਸ. ਗਿੱਲ ਜੀ ਦੀ ਸੰਗਤ ਕੀਤੀ। ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਕੇ ਛਕਣ ਦੇ ਧਾਰਨੀ ਪੂਰਨ ਗੁਰਸਿੱਖ ਗਿੱਲ ਨੇ ਮੈਨੂੰ 'ਅੰਮ੍ਰਿਤ ਵੇਲਾ' ਦੇ ਅਰਥ ਦਸ ਕੇ ਚਕ੍ਰਿਤ ਕਰ ਦਿੱਤਾ ਸੀ। "ਸੂਰਜ ਉਦੇ ਤੋਂ ਢਾਈ ਘੰਟੇ ਪਹਿਲਾਂ ਅੰਮ੍ਰਿਤ ਵੇਲਾ ਹੁੰਦਾ ਹੈ। ਇਹ ਸਮਾਂ 24 ਘੰਟੇ ਦਾ ਦਸਵੰਧ ਹੈ। ਇਹ ਸਮਾਂ ਭਜਨ-ਬੰਦਗੀ ਵਿਚ ਲਾਕੇ ਗੁਰੂ ਪਾਤਸ਼ਾਹ ਦੀਆਂ ਮਿਹਰਾਂ ਦੇ ਪਾਤਰ ਬਣੋ।"

ਪਿਛਲੇ ਸਾਲ ਸ. ਗਿੱਲ ਸਾਹਿਬ ਇਥੇ ਸਨ ਕਿ ਅਚਾਨਕ ਵੈਸਾਖੀ ਦੇ ਨਗਰ ਕੀਰਤਨ ਸਮੇਂ, ਵੈਨਕੂਵਰ ਵਿਖੇ ਪ੍ਰਦਰਸ਼ਨੀ ਕਰਨ ਦਾ ਮੇਰਾ ਵਿਚਾਰ ਬਣਿਆ। ਆਪ ਨੇ ਆਪਣੇ ਸੰਗੀਆਂ-ਸਾਥੀਆਂ ਨੂੰ ਫ਼ੋਨ ਉੱਤੇ ਸੂਚਿਤ ਕੀਤਾ, ਜਿਹਨਾਂ ਪੂਰਾ ਮਹੀਨਾ ਮੇਰੇ ਬੀਮਾਰ ਸਰੀਰ ਦੀ ਆਪਣਾ ਅੰਗ ਸਮਝ ਕੇ ਦੇਖ ਭਾਲ ਕੀਤੀ। ਮਿਲੇਨੀਅਮ ਪੁਰਖ ਸ. ਸੁਰਜਨ ਸਿੰਘ ਗਿੱਲ ਦਾ ਸਿੱਖਾਂ ਨਾਲ ਹੀ ਨਹੀਂ, ਸਰਬੱਤ ਨਾਲ ਏਹੋ ਵਰਤਾਰਾ ਹੈ।

ਉੱਤਰੀ-ਅਮਰੀਕਾ ਦੀਆਂ ਸਿੱਖ ਸੰਸਥਾਵਾਂ ਦੇ ਪ੍ਰਮੁੱਖ ਪ੍ਰਬੰਧਕ ਸ. ਸੁਰਜਨ ਸਿੰਘ ਗਿੱਲ ਨੇ ਗੁਰਸਿੱਖਾਂ ਦੇ ਬੋਲ-ਬਾਲੇ ਲਈ ਨਿੱਗਰ ਕਾਰਜ ਕੀਤੇ ਹਨ। ਇਹਨਾਂ ਦਾ ਵੇਰਵਾ ਦੱਸਣ ਅਤੇ ਕਲਮਬੰਦ ਕਰਨ ਲਈ ਇਕ ਪੁਸਤਕ ਦੇ ਆਕਾਰ ਦੀ ਰਚਨਾ ਦਰਕਾਰ ਹੈ, ਜਿਸਦੀ ਤਿਆਰੀ ਇਕ ਵਿਅਕਤੀ ਨਹੀਂ ਸਗੋਂ ਪੂਰੀ ਟੀਮ ਦਾ ਕੰਮ ਹੈ। ਵੈਨਕੂਵਰ, ਟੋਰਾਂਟੋ, ਕੈਲੀਫੋਰਨੀਆ, ਨਿਊਯਾਰਕ, ਵਾਸ਼ਿੰਗਟਨ, ਲੰਡਨ, ਵੀਆਨਾ, ਦਿੱਲੀ, ਸਿੰਘਾਪੁਰ, ਕੁਆਲਾਲੰਪੁਰ, ਬੈਂਕਾਕ, ਸਿਡਨੀ ਅਤੇ ਹੋਰ ਪ੍ਰਸਿੱਧ ਸ਼ਹਿਰਾਂ ਵਿਚ ਆਪਦੇ ਐਵਾਰਡ ਸਮਾਰੋਹ ਹੁੰਦੇ ਹੀ ਹੀ ਰਹਿੰਦੇ ਹਨ। ਸਵਰਗੀਯ ਸਰਦਾਰ ਕਪੂਰ ਸਿੰਘ ਆਈ.ਸੀ.ਐਸ. ਦੀ ਯੁੱਗ-ਕਿਰਤ 'ਸਾਚੀ ਸਾਖੀ' ਛਾਪ ਕੇ ਲੇਖਕ ਦਾ ਸਨਮਾਨ ਕਰਕੇ ਅਤੇ ਸੰਸਾਰ ਭਰ ਵਿਚ ਪੁੱਜਦੀ ਕਰਕੇ ਆਪ ਨੇ ਮਹਾਨ ਪਰਉਪਕਾਰ ਕੀਤਾ ਅਤੇ ਜੱਸ ਖੱਟਿਆ। ਸ਼ਿਵ ਕੁਮਾਰ ਬਟਾਲਵੀ, ਸ੍ਰੀ ਬਲਰਾਜ ਸਾਹਨੀ, ਅੰਮ੍ਰਿਤਾ ਪ੍ਰੀਤਮ, ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਆਲਮ ਲੁਹਾਰ (ਪਾਕਿਸਤਾਨ), ਜਗਜੀਤ ਸਿੰਘ, ਸ੍ਰੀ ਰਾਜ ਕਪੂਰ, ਡਾ. ਕੈਲਾਸ਼ਪੁਰੀ, ਡਾ. ਗੁਰਬਖ਼ਸ਼ ਸਿੰਘ ਗਿੱਲ, ਡੀਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟਰ ਭਾਈ ਦਯਾ ਸਿੰਘ ਦਿਲਬਰ (ਢਾਡੀ), ਡਾ. ਹਰਨਾਮ ਸਿੰਘ ਸ਼ਾਨ, ਬੈਰਿਸਟਰ ਹਰਜੀਤ ਸਿੰਘ ਲੰਡਨ, ਸ. ਕੇਸਰ ਸਿੰਘ ਮੰਡ ਜਰਨਲਿਸਟ ਅਤੇ ਬਰਨਿੰਗ ਪੰਜਾਬ ਦੇ ਸੰਪਾਦਕ ਓਸਨ ਜੀ ਨੂੰ ਸਨਮਾਨਤ ਕੀਤਾ। ਇਹ ਆਪ ਜੀ ਦੇ ਜੁਟਾਏ ਸਤਿਕਾਰ-ਸਮਾਰੋਹ ਦੀਆਂ ਕੁਝ ਮੂੰਹ ਬੋਲਦੀਆਂ ਝਲਕਾਂ ਹਨ। ਇਸ ਕਾਰਜ ਲੜੀ ਦਾ ਸਿਖ਼ਰ ਮਿਲੇਨੀਅਮ ਐਵਾਰਡ ਸਮਾਰੋਹ ਜੋ ਵੈਸਾਖੀ ਨੂੰ ਲੰਡਨ ਵਿਖੇ ਆਯੋਜਤ ਹੋਇਆ, ਜਿਸ ਨਾਲ 21ਵੀਂ ਸਦੀ ਦੇ ਐਵਾਰਡਾਂ ਦਾ ਸਿਲਸਿਲਾ ਜਾਰੀ ਹੋਇਆ। ਇਥੇ ਇਹ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਇਸੇ ਐਵਾਰਡ ਕਮੇਟੀ ਨੇ ਸਾਬਕਾ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਨੀਲਾ ਘੋੜਾ, ਕਰਿਸਟਲ ਪਲੈਕ, ਅਤੇ ਸੋਨੇ ਦੀ ਮੁੱਠ ਵਾਲੀ ਸ੍ਰੀ ਸਾਹਿਬ ਭੇਟ ਕੀਤੀ ਸੀ ਜੋ ਇਕ ਇਤਿਹਾਸਕ ਘਟਨਾ ਦਾ ਦਰਜਾ ਰੱਖਦੀ ਹੈ।



Sri Satguru Jagjit Singh Ji eLibrary NamdhariElibrary@gmail.com



Kidar Nath Kidar,
President
Punjabi Adabi Sangat
Kuwait
10 April 2003

Editor,
Panjabi Heritage
London

Dear Sir,

Mr. Surjan Singh Gill needs no introduction. His Millennium Awards function has gained worldwide applaud. He is famous in promoting Panjab, Panjabi and Panjabiat on a phenomenal magnitude — Congratulations!

Now I gather he is going to arrange a worthy tribute to transcendental poet *Shiv Kumar Batalvi* who is a household word in the Panjabi diasporas and to *Ustad Nusrat Fateh Ali Khan Sahib* as well. We are proud to have the 'Qawaali Mehfils' in the Middle East under the auspices of The Panjabi Adabi Sangat. We have even translated the Khalil Giberan of Panjab–*Shiv Kumar Batalvi* in modern Arabic and many modern artists and singers are busy in portraying his unique poetry on popular stages, public performances and through the music media world.

Let's join our heads and hands in projecting our great and outstanding personalities. I congratulate the whole team who is endeavouring to turn it into reality in London, the capital of world culture.

**K.N. Kidar**





Sri Satguru Jagjit Singh Ji eLibrary NamdhariElibrary@gmail.com

# Punjabi Sahit Academy

**Firozepur Road,**
**Ludhiana**

**Dr. Parminder Singh**

25th May 2003

ਪਿਆਰੇ ਵੀਰ ਸੁਰਜਨ ਸਿੰਘ ਗਿੱਲ,

ਸੁਪ੍ਰੀਤ ਸਤਿ ਸ੍ਰੀ ਅਕਾਲ।

ਪ੍ਰੈੱਸ ਰਾਹੀਂ ਅਤੇ ਇੱਥੇ ਰਹਿੰਦੇ ਕਈ ਪੰਜਾਬੀ ਲੇਖਕਾਂ ਤੋਂ ਆਪ ਜੀ ਦੇ ਪੰਜਾਬ ਅਤੇ ਪੰਜਾਬੀਅਤ ਦੀ ਉੱਨਤੀ ਲਈ ਕਈ ਚਿਰਾਂ ਤੋਂ ਕੀਤੇ ਜਾ ਰਹੇ ਨਿੱਗਰ ਉੱਦਮਾਂ ਬਾਰੇ ਖ਼ਬਰ ਮਿਲਦੀ ਰਹਿੰਦੀ ਹੈ। ਪਿੱਛੇ ਜਹੇ ਤੁਹਾਡੀ ਸੰਸਥਾ ਨੇ ਚੌਦਾਂ ਸਮਕਾਲੀ ਲੇਖਕਾਂ, ਬੁਧੀਜੀਵੀਆਂ ਅਤੇ ਕਲਾਕਾਰਾਂ ਨੂੰ ਲੰਡਨ ਵਿਖੇ ਸਨਮਾਨਿਤ ਕੀਤਾ। ਇਹ ਸੂਵਨੀਅਰ ਅਕੈਡਮੀ ਦੀ ਲਾਇਬ੍ਰੇਰੀ ਦਾ ਬਹੁਮੁਲਾ ਸ਼ਿੰਗਾਰ ਹੈ। ਇਨ੍ਹਾਂ ਕਾਰਜਾਂ ਲਈ ਤੁਸੀਂ ਧੰਨਵਾਦ ਅਤੇ ਪ੍ਰਸੰਸਾ ਦੇ ਪਾਤਰ ਹੋ।

ਹੁਣ ਪਤਾ ਲੱਗਿਆ ਹੈ ਕਿ ਪ੍ਰਮੁੱਖ ਸ਼ਾਇਰ 'ਸਵਰਗੀ ਸ਼ਿਵ ਕੁਮਾਰ ਬਟਾਲਵੀ', ਜਿਸਨੂੰ ਸੰਸਾਰ 'ਬਿਰਹਾ ਦਾ ਸੁਲਤਾਨ' ਆਖਦਾ ਹੈ ਅਤੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਜੋ ਵਿਆਪਕ ਕੱਵਾਲੀ ਕਲਾ ਦੇ ਬਾਦਸ਼ਾਹ ਹੋ ਗੁਜ਼ਰੇ ਹਨ — ਇਹਨਾਂ ਦੋ ਵਿਸ਼ਵ ਪ੍ਰਸਿੱਧ ਕਲਾਕਾਰਾਂ ਦੇ ਸਨਮਾਨ ਵਿੱਚ ਸੂਵਨੀਅਰ ਪ੍ਰਕਾਸ਼ਨਾ ਅਤੇ ਅੰਤਰ-ਰਾਸ਼ਟਰੀ ਸਮਾਗਮ ਲੰਡਨ ਵਿਖੇ ਕਰਨ ਦਾ ਉਪਰਾਲਾ ਕਰ ਰਹੇ ਹੋ। ਇਹੋ ਜਹੇ ਕਾਰਜ ਤਾਂ ਸਰਕਾਰਾਂ, ਅਕਾਡਮੀਆਂ ਅਤੇ ਯੂਨੀਵਰਸਿਟੀਆਂ ਦੇ ਕਰਨ ਯੋਗ ਹੁੰਦੇ ਹਨ। ਤੁਸੀਂ ਇਸ ਪਿਰਤ ਨੂੰ ਸਥਾਪਤ ਕਰਕੇ ਸਾਰੇ ਪੰਜਾਬੀਆਂ ਦਾ ਸਿਰ ਉੱਚਾ ਕਰ ਰਹੇ ਹੋ। ਪੰਜਾਬੀ ਸਾਹਿਤ ਅਕਾਡਮੀ ਤਾਂ ਚਲ ਹੀ ਪ੍ਰਦੇਸੀ ਪੰਜਾਬੀਆਂ ਦੇ ਸਹਿਯੋਗ ਨਾਲ ਹੈ।

ਆਪ ਜੀ ਨੂੰ ਹਾਰਦਿਕ ਮੁਬਾਰਕਾਂ।

ਤੁਹਾਡਾ ਵਿਸ਼ਵਾਸ਼ ਪਾਤਰ,

**ਪ੍ਰਮਿੰਦਰ ਸਿੰਘ** (ਡਾਕਟਰ)






Sri Satguru Jagjit Singh Ji eLibrary NamdhariElibrary@gmail.com

**S. Surjan Singh Gill,**
34 Keith Road,
Hayes,
Middlesex, UB2 4HP
13/05/2003



ਪਰਮ ਸਤਿਕਾਰਯੋਗ ਗਿੱਲ ਸਾਹਿਬ ਜੀ,

ਅਦਬ ਨਾਲ ਅਦਬੀ ਸਤਿ ਸ੍ਰੀ ਅਕਾਲ!

ਵਤਨਾਂ ਤੋਂ ਦੂਰ ਬੈਠੇ ਤੁਸੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉੱਜਲੇ ਭਵਿੱਖ ਲਈ ਤਨ, ਮਨ ਅਤੇ ਧਨ ਨਾਲ ਜੋ ਸੇਵਾ ਕਰ ਰਹੇ ਹੋ, ਉਸ ਮੁਤੱਲਕ ਜਾਣ ਲੈਣ ਬਾਅਦ ਹਿਰਦੇ ਅੰਦਰ ਤੁਹਾਡੇ ਪ੍ਰਤੀ ਅਥਾਹ ਸਤਿਕਾਰ ਭਰ ਗਿਆ ਹੈ। ਆਪ ਜੀ ਵੱਲੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਾਜਪੋਸ਼ੀ ਦੀ ਦੂਜੀ ਸ਼ਤਾਬਦੀ ਨੂੰ ਸਮਰਪਿਤ 'ਖਾਲਸਾ ਮਲੇਨੀਅਮ ਐਵਾਰਡ' ਸਮਾਰੋਹ ਕਰਵਾਇਆ ਗਿਆ ਤੇ ਇਸ ਮੌਕੇ ਤੇ ਇੱਕ ਸ਼ਾਨਦਾਰ, ਖ਼ੂਬਸੂਰਤ ਅਤੇ ਗਿਆਨ-ਵਰਧਕ ਸੋਵੀਨੀਅਰ ਕੱਢਿਆ ਗਿਆ। ਉਹ ਇੱਕ ਸਾਂਭਣਯੋਗ ਆਈਟਮ ਸੀ ਤੇ ਮੈਂ ਯਾਦਗਾਰ ਵਜੋਂ ਆਪਣੀ ਨਿੱਜੀ ਲਾਇਬ੍ਰੇਰੀ ਵਿੱਚ ਹਮੇਸ਼ਾਂ ਸੰਭਾਲ ਕੇ ਰੱਖਾਂਗਾ।

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ।" ਭਾਈ ਵੀਰ ਸਿੰਘ ਦਾ ਇਹ ਕਥਨ ਤੁਹਾਡੇ ਉੱਪਰ ਵੀ ਪੂਰਾ ਢੁੱਕਦਾ ਹੈ। ਮਾਨਯੋਗ ਡਾ. ਚੰਨਣ ਸਿੰਘ ਚੰਨ ਹੋਰਾਂ ਦੇ ਜ਼ਰੀਏ ਪਤਾ ਚੱਲਿਆ ਹੈ ਕਿ ਤੁਸੀਂ 'ਬਿਰਹਾ ਦਾ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਅਤੇ 'ਮੌਸੀਕੀ ਦੇ ਬਾਦਸ਼ਾਹ' ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਸਾਹਿਬ ਬਾਰੇ ਇੱਕ ਸੋਵੀਨੀਅਰ ਜਾਰੀ ਕਰ ਰਹੇ ਹੋ। ਇਹੋ ਜਿਹੇ ਜ਼ਿੰਮੇਵਾਰਾਨਾ ਅਤੇ ਸੰਜੀਦਾ ਕਾਰਜ ਦੀ ਤਵੱਕੋਂ ਤੁਹਾਡੇ ਵਰਗੇ ਸਿਰੜੀ ਵਿਅਕਤੀ ਕੋਲੋਂ ਹੀ ਕੀਤੀ ਜਾ ਸਕਦੀ ਹੈ।

ਵਿਨਸਟਨ ਚਰਚਿਲ ਨੇ ਇੱਕ ਜਗ੍ਹਾ ਲਿਖਿਆ ਸੀ, ਜਿਸਦਾ ਤਰਜੁਮਾ ਇੰਝ ਹੈ, "ਇਨਸਾਨ ਦਾ ਸਭ ਤੋਂ ਵੱਡਾ ਗੁਣ ਹਿੰਮਤ ਹੈ। ਬਾਕੀ ਸਾਰੇ ਗੁਣ ਹਿੰਮਤੀ ਹੋਣ ਨਾਲ ਹੀ ਪੈਦਾ ਹੋ ਜਾਂਦੇ ਹਨ।" ਤੁਹਾਡੀ ਹਿੰਮਤ, ਹੌਂਸਲਾ ਅਤੇ ਘਾਲਣਾ ਕਾਬਲੇ ਦਾਦ ਹੈ।

ਇਸ ਅਵਸਰ ਅਤੇ ਉੱਦਮ ਲਈ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲੀਆਂ ਮੇਰੀਆਂ ਸ਼ੁੱਭ ਇੱਛਾਵਾਂ ਕਬੂਲ ਕਰੋ। ਦੁਆ ਕਰਦੇ ਹਾਂ ਕਿ ਅੱਗੇ ਤੋਂ ਵੀ ਆਪਣੀ ਬੋਲੀ ਅਤੇ ਸਭਿਆਚਾਰ ਨੂੰ ਬਚਾਉਣ ਅਤੇ ਫੈਲਾਉਣ ਵਿੱਚ ਇਸੇ ਪ੍ਰਕਾਰ ਯਤਨਸ਼ੀਲ ਰਹੋਗੇ।

ਅੰਤ ਵਿੱਚ ਫ਼ੋਨ ਉੱਤੇ ਆਪ ਜੀ ਵੱਲੋਂ ਮੈਨੂੰ ਦਿੱਤੀ ਸ਼ਾਬਾਸ਼ ਅਤੇ ਮੇਰੀ ਨਵੀਂ ਨਾਵਲ 'ਵਸਤਰ' ਨੂੰ 'ਜੀ ਆਇਆਂ' ਆਖਣ ਲਈ ਧੰਨਵਾਦ ਕਰਦਾ ਹੋਇਆਂ :

ਆਪ ਜੀ ਦਾ ਸ਼ੁਭਚਿੰਤਕ,
ਬਲਰਾਜ ਸਿੰਘ ਸਿੱਧੂ
45 Rosefield Road,
Smethwick,
West Midlands, B67 6DX
England



Sri Satguru Jagjit Singh Ji eLibrary NamdhariElibrary@gmail.com



**ਕੁਲਵੰਤ ਕੌਰ (ਡਾ.)**
ਸਰਕਾਰੀ ਕਾਲਜ ਪਟਿਆਲਾ
21.4.2001

ਪਰਮ ਸਤਿਕਾਰਤ ਗਿੱਲ ਵੀਰ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਪੰਜ ਆਬਾਂ ਦੀ ਸਰਜ਼ਮੀਂ 'ਤੇ ਪੁੱਜ ਕੇ ਵੀ ਜਿਕਣ ਪਿਛਿਓਂ ਕੋਈ ਅਵੱਲੀ ਖਿੱਚ ਪੈ ਰਹੀ ਮਹਿਸੂਸ ਹੋ ਰਹੀ ਹੋਵੇ। ਆਪਣੇ ਘਰ ਆ ਕੇ ਵੀ ਜਿਵੇਂ ਪੇਕਿਆਂ ਦਾ ਵਿਹੜਾ ਅੰਦਰ ਬਾਹਰ ਨੂੰ ਪੀੜੋ-ਪੀੜ ਕਰ ਰਿਹਾ ਹੋਵੇ। ਸਹੁਰੇ ਘਰੋਂ ਤ੍ਰਿਪਤੀ, ਰਜੇਵੇਂ ਅਤੇ ਅਪਣੱਤ ਉਪਰੰਤ ਵੀ ਜਿਵੇਂ ਬਾਬੁਲ, ਵੀਰਾਂ, ਅੰਮੜੀ ਤੇ ਭਾਬੀਆਂ ਦੀ ਘਾਟ ਦਿਲ ਨੂੰ ਕਲਵਲਾ ਰਹੀ ਹੋਵੇ। ਰੱਬ ਜਿਹੀਆਂ ਸਖੀਆਂ ਭੈਣਾਂ ਦਾ ਵਿਛੋੜਾ ਜਿਵੇਂ ਸੁੱਤਿਆਂ/ਜਾਗਦਿਆਂ ਵਿਯੋਗੀ ਨਾਰ ਨੂੰ ਬੇਚੈਨ ਕਰ ਰਿਹਾ ਹੋਵੇ। ਕੁਝ ਅਜਿਹੇ ਹੀ ਭਾਵ ਅਤੇ ਪ੍ਰਭਾਵ ਮੇਰੇ ਮਨ ਮਸਤਕ ਵਿਚ ਵੀ ਹੈਨ। ਬੈਠੀ ਤਾਂ ਪਟਿਆਲੇ ਵਿਖੇ ਹਾਂ ਪਰ ਹਾਲੇ ਵੀ ਸੁੱਤ-ਉਨੀਂਦਿਆਂ ਭਾਸਦਾ ਇਵੇਂ ਹੈ ਜਿਕਣ ਮੈਂ ਹੇਅਜ਼ ਜਾਂ ਹੰਸਲੋ ਵਿਖੇ ਹੋਵਾਂ। ਅੱਖਾਂ ਮਲ-ਮਲ ਕੇ ਮਨ ਨੂੰ ਸਮਝਾਉਣਾ ਪੈਂਦੈ ਕਿ ਮੁੜ ਆਪਣੇ ਘਰ ਵਿਖੇ ਪੁੱਜ ਚੁੱਕੀ ਹਾਂ। ਬਾਲ ਬੱਚਿਆਂ ਤੇ ਪਤੀ ਦੇ ਅੰਗ-ਸੰਗ ਰਹਿ ਰਹੀ ਹਾਂ।

ਇਹ ਖ਼ਤ ਕਿਸੇ 'ਚੀਫ਼ ਐਗਜ਼ੀਕੂਟਿਵ' ਜਾਂ ਡਾਇਰੈਕਟਰ ਨੂੰ ਨਹੀਂ ਲਿਖ ਰਹੀ, ਆਪਣੇ ਵੀਰ ਸ੍ਰ. ਸੁਰਜਨ ਸਿੰਘ ਗਿੱਲ ਹੁਰਾਂ ਨੂੰ ਲਿਖ ਰਹੀ ਹਾਂ ਜਿਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਮਨਮੋਹਕ ਸ਼ਖ਼ਸੀਅਤ ਅਤੇ ਜ਼ਿੰਦਾਦਿਲੀ ਕਾਬਲੇ-ਤਾਰੀਫ਼ ਹੀ ਨਹੀਂ ਕਾਬਲੇ-ਰਸ਼ਕ ਵੀ ਹੈ। ਹਾਜ਼ਰ ਜੁਆਬੀ, ਨਿਰਮਾਣਤਾ ਅਤੇ ਛੋਟੇ ਤੋਂ ਛੋਟੇ ਵਿਅਕਤੀ ਨੂੰ ਵੱਡੇ ਹੋਣ ਦਾ ਅਹਿਸਾਸ ਕਰਾਉਣ ਦੀ ਆਪ ਜੀ ਦੀ ਜੁਗਤੀ ਦਾ ਕੀ ਕਹਿਣੈ!! ਤਥਾ ਅਸਤੂ! ਸਾਰੇ ਆਲਮ ਨੂੰ ਆਪਣਾ ਘਰ ਕਹਿਣ (ਅਤੇ ਮੰਨਣ) ਵਾਲੀ ਇਹ ਨਿਮਾਣੀ ਲੇਖਿਕਾ ਆਪ ਜੀ ਦੀ ਬੁਲੰਦ ਸ਼ਖ਼ਸੀਅਤ ਦੇ ਬਲਿਹਾਰੇ ਜਾਂਦੀ ਹੈ। ਉਂਝ ਤਾਂ ਮਹਾਨ ਹਸਤੀਆਂ ਢੂੰਡਿਆਂ ਅਵੱਸ਼ ਹੀ ਲੱਭ ਜਾਂਦੀਆਂ ਹਨ ਪ੍ਰੰਤੂ ਆਪਣੀ ਇਸ ਵਿਦੇਸ਼-ਫੇਰੀ ਦੀ ਇਹੀ ਅਮੁੱਲੀ ਪ੍ਰਾਪਤੀ ਸਮਝਦੀ ਹਾਂ ਕਿ ਪ੍ਰਭੂ ਨੇ ਆਪ ਜੀ ਜਿਹੀ ਉਚੇਚੀ ਹਸਤੀ ਹਸਮੁੱਖ ਦਾਨਿਸ਼ਵਾਰ, ਭਾਣੇ ਨੂੰ ਚੜ੍ਹਦੀ ਕਲਾ ਦਾ ਪ੍ਰਤੀਕ ਮੰਨ ਕੇ ਤੁਰਨ ਵਾਲੇ ਹੱਸਾਸੀ ਸੱਜਣ ਅਤੇ ਉਚੇਰੇ ਕਿਰਦਾਰ ਦੇ ਧਨੀ ਪੁਰਖ ਨਾਲ ਮਿਲਾਉਣ ਦਾ ਸਬੱਬ ਜੁਟਾਇਆ।

ਆਪ ਜੀ ਤੋਂ ਵਿਛੜਦਿਆਂ ਦਿਲ ਨੂੰ ਧੂਹ ਪਈ ਸੀ। ਜਾਪਿਆ ਸੀ ਕਿ ਕੋਈ ਹਮ-ਖਿਆਲ ਜੁਦਾ ਹੋ ਗਿਐ। ਬਹੁਤ ਘੱਟ ਵਾਰ ਐਨੀ ਅਪਣੱਤ ਅਤੇ ਮੋਹ-ਤੇਹ ਦਾ ਅਹਿਸਾਸ ਹੁੰਦੈ। ਬਹੁਤ ਵਾਰ ਤਾਂ ਦੂਜਿਆਂ ਤੋਂ ਪਿੱਛਾ ਛੁਡਾਉਣ ਦਾ ਯਤਨ ਕਰੀਦੈ ਪਰੰਤੂ ਆਪ ਜੀ ਦੇ ਸੰਦਰਭ ਵਿਚ ਸਨੇਹ ਦੀਆਂ ਅਦਿੱਸ ਤੰਦਾਂ ਦੀ ਜਕੜ ਇਸ ਕਦਰ ਪੀਡੀ ਅਤੇ ਗਹਿਰੀ ਜਾਪੀ ਕਿ "ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ" ਦੇ ਪੰਜ ਵਿਕਾਰਾਂ ਤੋਂ ਸਦਾ ਲਈ ਖਹਿੜਾ ਛੁਡਾਉਣ ਦੀ ਸਿੱਖਿਆ ਅਤੇ ਵਿਆਖਿਆ ਕਰਨ ਵਾਲੀ ਕੁਲਵੰਤ ਕੌਰ ਨੂੰ ਇਕਨ ਤਾਂ ਇਹੀ ਮਹਿਸੂਸ ਹੋਇਆਕਿ ਮੋਹ-ਭਿੱਜੇ ਵੀਰਾਂ ਦਾ ਵਿਛੋੜਾ ਜਰਨਾ ਵਾਕਈ ਬੜਾ ਦੁਖਦਾਈ ਹੈ। ਸੱਚਮੁਚ ਹੀ ਕਸ਼ਟਦਾਇਕ!!

ਤੁਸੀਂ ਸੁਖੀ ਰਹੋ। ਘੁੱਗ ਵਸੋ। ਤੁਹਾਡੇ ਵਲੋਂ ਸਦਾ ਠੰਡੜੀ ਵਾ ਆਵੇ। ਜ਼ੱਰਾ-ਨਿਵਾਜ਼ੀ ਲਈ ਤੈਅ ਦਿਲੋਂ ਆਭਾਰੀ ਹਾਂ ਜੀ। ਕਦੇ ਯਾਦ ਆਵਾਂ ਤਾਂ 'ਵਾਜ਼ ਮਾਰ ਲੈਣੀ। ਸਭ ਲਈ ਸੁੱਖਣਾ ਸੁੱਖਦੀ ਤੇ ਅਸੀਸਾਂ ਘੱਲਦੀ ਹੋਈ...,

ਤੁਹਾਡੀ ਨਿਕੜੀ ਭੈਣ,
**ਕੁਲਵੰਤ ਕੌਰ**



Sri Satguru Jagjit Singh Ji eLibrary NamdhariElibrary@gmail.com

## S. Surjan Singh Gill

*34 Keith Road*

*Hayes,*

*Middless UB3 4HP*




ਪਿਆਰੇ ਗਿੱਲ ਬਾਈ ਜੀ,

ਸਤਿ ਸ੍ਰੀ ਅਕਾਲ।

ਪਟਿਆਲੇ ਦੀ ਬੀਬੀ ਰਾਹੀਂ ਪਲੈਕ ਤੇ ਇਨਾਮੀ ਤਸਵੀਰਾਂ ਵਾਲਾ ਪਿਕਟੋਰੀਅਲ ਮਿਲਿਆ; ਬੇਹੱਦ ਧੰਨਵਾਦ! ਇਹ ਧੰਨਵਾਦ ਮੈਂ ਹੱਥ ਘੁੱਟ ਕੇ, ਜੱਫ਼ੀ ਵਿਚ ਲੈ ਕੇ ਦੇਣਾ ਚਾਹੁੰਦਾ ਸਾਂ। ਖ਼ੈਰ, ਜੇ ਇੰਗਲੈਂਡ ਆਇਆ ਤਾਂ ਇਹ ਕਰਜ਼ਾ ਵੀ ਲਾਹ ਦੇਵਾਂਗਾ।

ਤੁਹਾਡੀ ਸਰਗਰਮੀ ਵੱਲ ਵੇਖਦਾ ਹਾਂ, ਤਾਂ ਥੋੜ੍ਹਾ ਹੌਂਸਲੇ ਵਿਚ ਆ ਜਾਂਦਾ ਹਾਂ। ਪਰ ਅਕਾਲੀ ਲੀਡਰਾਂ ਦੀਆਂ ਕਰਤੂਤਾਂ ਤੋਂ ਬਹੁਤ ਦੁਖੀ ਆਂ। ਉਮਰ ਨੇ ਵਾਹਵਾ ਵਫ਼ਾ ਕੀਤੀ, 82 ਸਾਲ ਘਰ ਕਰ ਗਿਆ ਆਂ। ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਖੁਲ੍ਹੀਆਂ ਚਿੱਠੀਆਂ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਲਿਖੀਆਂ; ਪਰ ਸਾਰਥਿਕ ਰਾਹ ਕਿਸੇ ਨਹੀਂ ਫੜਿਆ। ਪੰਜਾਬ ਦੇ ਪੈਦਾਵਾਰੀ ਸਾਧਨ ਤੇ ਹਿੱਤ ਲੁਟਾਣ ਲਈ ਇਕ ਦੂਜੇ ਤੋਂ ਅੱਗੇ ਵਧ-ਵਧ ਕੇ ਗ਼ਦਾਰੀਆਂ ਕੀਤੀਆਂ। ਪੰਜਾਬ ਨੂੰ ਲੁਟਾਣ ਤੇ ਮਰਵਾਣ ਦੀ ਕੋਈ ਕਸਰ ਨਹੀਂ ਛੱਡੀ। ਬਾਕੀ ਇੰਦਰਾ ਦੇ ਬਲਿਊ ਸਟਾਰ ਤੇ ਰਾਜੀਵ ਦੇ ਕਤਲਾਮਾਂ ਨੇ ਕਸਰ ਕੱਢ ਦਿੱਤੀ। ਐਨੀ ਬੇਇੱਜ਼ਤੀ, ਲੁੱਟ ਤੇ ਘਲੂਘਾਰੇ ਕਰਵਾ ਕੇ ਵੀ ਇਕ ਨਹੀਂ, ਇਹਨਾਂ ਦੇ ਥਾਪੇ ਤਖ਼ਤਾਂ ਦੇ ਜਥੇਦਾਰਾਂ ਦੇ ਲੋਕ ਮੂੰਹ ਨਹੀਂ ਵੇਖਣਾ ਚਾਹੁੰਦੇ, ਕੀ ਹਾਲ ਹੋਵੇਗਾ ਪੰਥ ਦਾ, ਗੁਰੂ ਹੀ ਜਾਣਦਾ ਹੈ।

ਬਹੁਤ ਦੁਖੀ ਹੋ ਕੇ ਸਮਝੋ ਆਖ਼ਰੀ ਲਿਖਤ ਕੌਮੀ ਨਸੀਅਤ ਲਿਖ ਰਿਹਾ ਹਾਂ। ਆਪਣੀ ਵਲੋਂ ਬੜੀ ਕਲਮ ਵਾਹੀ, ਪਰ ਕਿਸੇ ਨੇ ਵੀ ਅਸਰ ਨਹੀਂ ਕੀਤਾ। ਨੌਜਵਾਨ ਜਥੇਬੰਦੀਆਂ ਬੁੱਢੀ ਲੀਡਰਸ਼ਿਪ ਦੀਆਂ ਘੋੜੀਆਂ ਬਣੇ ਹੋਏ ਹਨ। ਮਿਲਦੇ ਹਨ ਤਾਂ ਸੱਚ ਪ੍ਰਵਾਨ ਕਰਦੇ ਹਨ, ਪਰ ਨਿਰੋਲ ਪੰਥਕ ਤੇ ਪੰਜਾਬੀ ਅਣਖ ਵਾਲੀ ਸਟੈਂਡ ਨਹੀਂ ਬਣਾਉਂਦੇ, ਊਂਟ ਰੇ ਊਂਟ, ਤੇਰੀ ਕੌਣ ਸੀ ਕਲ ਸੀਧੀ। ਸਮਝੋ ਕੋਈ ਨਹੀਂ।

ਤੁਹਾਡਾ ਇਕ ਵਾਰ ਮੁੜ ਸ਼ੁਕਰੀਆ!

ਜੇ ਪੰਜਾਬ ਤੇ ਪੰਥ ਨੂੰ ਬਚਾਉਣਾ ਚਾਹੁੰਦੇ ਹੋ; ਤਦ ਨਿਰੋਲ ਪੰਥ ਤੇ ਪੰਜਾਬ ਦੇ ਹਿੱਤਾਂ ਦਾ ਰੋਜ਼ਾਨਾ ਅਖ਼ਬਾਰ ਲਈ ਹੰਭਲਾ ਮਾਰੋ, ਮਿਲ ਜੁੜ ਕੇ। ਟਰੱਸਟ ਥਾਪੋ, ਬਾਗਡੋਰ ਆਪਣੇ ਹੱਥ ਰੱਖੋ ਤੇ ਪ੍ਰਾਪਤੀਆਂ ਦੀ ਸੇਧ ਚਾਲੂ ਕਰੋ। ਵਰਨਾ ਯੂ.ਪੀ., ਬਿਹਾਰ ਦੀਆਂ ਧਾੜਾਂ ਤੇ ਬ੍ਰਾਹਮਣਵਾਦ ਪੰਜਾਬ ਤੇ ਸਿੱਖੀ ਨੂੰ ਖਾ ਜਾਵੇਗਾ।

ਮੈਂ ਪੰਜਾਬ ਤੇ ਸਿੱਖੀ ਖੁਰਦੀ ਵੇਖ ਰਿਹਾ ਆਂ।

ਤੁਹਾਡਾ ਦੁਖੀ ਭਾਈ,

**ਜਸਵੰਤ ਕੰਵਲ**



1-9-2001


**Jaswant Singh Kanwal,**

*V.P.O. Dhudike, Pin Code-142053*

*Distt. Moga, Punjab*




Sri Satguru Jagjit Singh Ji eLibrary NamdhariElibrary@gmail.com

# ਹਉਕੇ ਦਾ ਵੇਸ



ਜਸਵੰਤ ਸਿੰਘ ਕੰਵਲ

ਸੁਕਿਆ ਮੂੰਹ, ਚਮਕਦੀਆਂ ਅੱਖਾਂ, ਕਮਲੀਆਂ ਜ਼ੁਲਫ਼ਾਂ, ਬਲਦੀ ਸਿਗਰਟ ਤੇ ਸਾਰਾ ਈ ਹਉਕੇ ਦਾ ਵੇਸ, ਜਦੋਂ ਵੀ ਮਿਲਿਆ, ਸ਼ਿਵ ਸ਼ਰਾਬੀ ਮਿਲਿਆ। ਪਹਿਲੀ ਵਾਰ ਉਹ ਕਵਿਤਾ ਦੇ ਦਫ਼ਤਰ ਹੁਸੈਨਪੁਰ, ਅੰਮ੍ਰਿਤਸਰ, ਬਲੱਗਣ ਜੀ ਦੀ ਸੰਗਤ ਵਿੱਚ ਮੁਸਕਾਇਆ। ਪੀਤੀ ਹੋਈ ਸੀ, ਪਾਨ ਉਹਦੇ ਬੁਲ੍ਹਾਂ ਨੂੰ ਸੂਹਾ ਕਰ ਰਿਹਾ ਸੀ। ਉਸ ਕੰਡਿਆਲੀ ਥੋਹਰ ਦੀ ਹੇਕ ਛੇੜੀ, ਮੇਰੇ ਅੰਦਰੋਂ ਸੁੱਤੀਆਂ ਤਰਾਟਾਂ ਅੰਗੜਾਅ ਉੱਠੀਆਂ। ਮੇਰੀ ਨੰਗੀ ਹਿੱਕ ਤੋਂ ਖਿੜੇ ਗੁਲਾਬਾਂ ਦੀ ਸੱਜਰੀ ਡਾਲ ਖਿੱਚੀ ਜਾ ਰਿਹਾ ਸੀ—ਮੇਰੇ ਵਗਦੇ ਚੀਰਾਂ ਉੱਤੇ ਮਿੱਠੀ ਮਹਿਕ ਚੁੰਮਣ ਦੇ ਰਹੀ ਸੀ : ਜੇ ਇਸ ਲੰਮੀ ਪੀੜ ਦਾ ਸਾਰਥਕ ਸੂਝ ਨਾਲ ਮੇਲ ਹੋ ਗਿਆ, ਜ਼ਿੰਦਗੀ ਨੂੰ ਉਹਦਾ ਅਸਲ ਵਾਰਸ (ਵਾਰਸ ਸ਼ਾਹ) ਮੁੜ ਮਿਲ ਜਾਵੇਗਾ। ਮੈਨੂੰ ਐਨੀ ਖ਼ੁਸ਼ੀ ਮੁੜ ਉਹਦੇ ਕਿਸੇ ਵੀ ਮੇਲ ਵਿੱਚ ਨਹੀਂ ਮਿਲੀ।

ਫਿਰ ਆਤਮਘਾਹੀ ਉਸਨੂੰ ਢੁਡੀਕੇ ਲੈ ਆਇਆ। ਉਹ ਅੱਧੀ ਰਾਤ ਤੱਕ ਪੀਂਦਾ ਰਿਹਾ, ਬਿਰਹਾ ਗਾਉਂਦਾ ਰਿਹਾ ਤੇ ਰੋਂਦਾ ਰਿਹਾ। ਮੈਂ ਉਹਦੀ ਕਵਿਤਾ ਨੂੰ ਆਸ਼ਾਵਾਦੀ ਮੋੜ ਦੇਣ ਲਈ ਤਾਣ ਲਾਇਆ, ਪਰ ਉਸ ਏਨੀ ਆਖ ਕੇ ਸਾਰੀ ਵਾਹ ਉੱਤੇ ਸੁਹਾਗਾ ਫੇਰ ਦਿੱਤਾ। "ਬਾਈ ਮੈਂ ਮਰ ਜਾਊਂਗਾ : ਜ਼ਿੰਦਗੀ ਨੇ ਮੇਰੇ ਨਾਲ ਬੜਾ ਵੱਡਾ ਮਜ਼ਾਕ ਕੀਤਾ ਹੈ।" ਉਸ ਲੰਮਾ ਹਉਕਾ ਭਰਿਆ : "ਹੁਣ ਮੈਂ ਤੁਹਾਨੂੰ ਕੀ ਦੱਸਾਂ।"

ਉਸ ਮੈਨੂੰ ਖੁਲ੍ਹ ਕੇ ਕੁਝ ਨਾ ਦੱਸਿਆ, ਪਰ ਉਹਦੀ ਜ਼ੇਬ ਵਿੱਚ ਕਈ ਕੁੜੀਆਂ ਦੀਆਂ ਤਸਵੀਰਾ, ਉਸ ਦੀ ਆਪ ਬੀਤੀ ਨੂੰ ਨੰਗਿਆਂ ਕਰ ਰਹੀਆਂ ਸਨ। ਬਿਰਹਾ ਪਿਆਰ ਦੀ ਪਹਿਲੀ ਕਿਸ਼ਤ ਹੈ। ਜਿਸ ਨਾਲ ਉਸਦਾ ਪਿਆਰ ਸੀ, ਉਸ ਦੇ ਮਾਪੇ ਨਹੀਂ ਮੰਨੇ। ਫਿਰ ਉਸਦੇ ਗੀਤਾਂ ਦੀ ਮੈਨਾਂ ਨੂੰ ਪਰਦੇਸ ਤੋਰ ਦਿੱਤਾ—ਉਹਦਾ ਵਿਆਹ ਕਰ ਦਿੱਤਾ। ਸ਼ਿਵ ਬਟਾਲੇ ਤੋਂ ਅੰਮ੍ਰਿਤਸਰ ਦੇ ਵਿਚਕਾਰ ਭਟਕਦਾ ਰਿਹਾ, ਦੇਸੀ ਅੰਗਰੇਜ਼ੀ ਠੇਕਿਆਂ ਤੋਂ ਜ਼ਹਿਰ ਪੀਂਦਾ ਰਿਹਾ। ਕਈ ਕੁੜੀਆਂ ਉਸ ਨੂੰ ਪਿਆਰ ਕੀਤਾ ਤੇ ਇਸ ਤਰ੍ਹਾਂ ਜ਼ਹਿਰ ਉਹਦੇ ਸੈੱਲਾਂ ਤੋਂ ਵਾਲਾਂ ਤੱਕ ਚੜ੍ਹ ਗਈ। ਬਿਰਹਾਂ ਤੇ ਗੁਤਿਆਂ ਤੋਂ ਨਿਢਾਲ ਹੋ ਕੇ ਉਸ ਆਸਰੇ ਵਜੋਂ ਪੰਨੀ ਨੂੰ ਹੱਥ ਪਾ ਲਿਆ, ਭਾਵ ਸਮਾਜੀ ਰਵਾਇਤ ਨਾਲ ਸਮਝੌਤਾ (ਵਿਆਹ) ਕਰ ਲਿਆ। ਜਿਹੜਾ ਕਿ ਮੇਰੇ ਵਿਚਾਰ ਅਨੁਸਾਰ ਉਸ ਦੀ ਬੁਨਿਆਦੀ ਗ਼ਲਤੀ ਸੀ। ਸਮਝੌਤਾ ਕਿਵੇਂ ਵੀ ਜ਼ਿੰਦਗੀ ਦਾ, ਉਸਦੇ ਪਿਆਰ ਦਾ ਬਦਲ ਨਹੀਂ ਹੋ ਸਕਦਾ। ਸਮਝੌਤਾ ਤਾਂ ਇੱਕ ਲਾਰਾ ਹੈ ਤੇ ਲਾਰਾ ਹਮੇਸ਼ਾਂ ਕੱਚਾ ਘੜਾ ਹੁੰਦਾ ਹੈ, ਜੇਹੜਾ ਕਦੇ ਪਾਰ ਨਹੀਂ ਲਾਉਂਦਾ। ਜ਼ਿੰਦਗੀ ਦੀ ਸਾਰੀ ਤੱਲਖ਼, ਸੱਚਾਈ ਤੇ ਮੱਨੁਖੀ ਹਮਦਰਦੀ ਅੱਜ ਸ਼ਿਵ ਨਾਲੋਂ ਟੁੱਟ ਕੇ ਉਹਦੀ ਪਤਨੀ ਤੇ ਬੱਚਿਆਂ ਨਾਲ ਆ ਜੁੜੀ ਹੈ। ਅਸਲ ਵਿੱਚ ਸ਼ਿਵ ਬਿਰਹਾਂ ਦੀ ਸੜਕੋਂ ਲੱਥ ਗਿਆ ਸੀ। ਉਹ ਬਿਰਹਾ ਨੂੰ ਜ਼ਿੰਦਗੀ ਦਾ ਹਾਣੀ ਨਾ ਬਣਾ ਸਕਿਆ—ਗ਼ਮ ਨੂੰ ਤਾਕਤ ਵਿੱਚ ਨਾ ਬਦਲ ਸਕਿਆ। ਕੋਈ ਜ਼ਹਿਰ ਜ਼ਿੰਦਗੀ ਦੀ ਸੰਤੁਸ਼ਟੀ ਨਹੀਂ—ਕੋਈ ਮੌਤ ਜ਼ਿੰਦਗੀ ਦਾ ਵਾਰਸ ਨਹੀਂ ਬਣ ਸਕਦੀ। ਉਹ ਸਿਦਕ ਦੀ ਪ੍ਰੀਖਿਆ ਵਿੱਚੋਂ ਨੱਠ ਕੇ ਸ਼ਰਾਬਖ਼ਾਨੇ ਆ ਗਿਆ।

ਗਰਮੀਆਂ ਦੀ ਇੱਕ ਸਵੇਰ, ਚੰਡੀਗੜ੍ਹ ਦੀਆਂ ਖੁਲ੍ਹੀਆਂ ਸੜਕਾਂ, ਚਿੱਟੇ ਕੁੜਤੇ ਪਜਾਮੇ ਨਾਲ ਸਿਰੋਂ ਨੰਗਾ ਸ਼ਰਾਬੀ ਸ਼ਿਵ ਮੇਰੇ ਸਾਹਮਣੇ ਖ਼ਾਲੀ ਅਧੀਆ ਬਣਿਆ ਖਲੋਤਾ ਸੀ। ਮੈਂ ਉਸ ਨੂੰ ਘੁੱਟਵੀਂ ਨੀਝ ਨਾਲ ਵੇਖਿਆ, ਉਹਦਾ ਨੱਸ਼ਾ ਇਕਦਮ ਲੱਥ ਗਿਆ।

"ਬਾਈ ਮੇਰੇ ਥੱਪੜ ਮਾਰ ਲੈ, ਪਰ ਮੈਨੂੰ ਇਉਂ ਨਾ ਵੇਖ।" ਉਹ ਆਪਣੀ ਸਫ਼ਾਈ ਵਿੱਚ ਨਿਰਦੋਸ਼ ਤੇ ਮਾਸੂਮ ਜਾਪ ਰਿਹਾ ਸੀ।

ਮੈਂ ਆਪਣੇ ਭਾਵ ਲੁਕਾ ਕੇ ਮੁਸਕਰਾ ਪਿਆ। ਪਰ ਮੇਰਾ ਯਕੀਨ ਆਖਦਾ ਸੀ, ਮੇਰੀ ਮੁਸਕਾਨ ਵੀ ਛੁਰੀ ਵਾਂਗ ਉਸ ਨੂੰ ਹਲਾਲ ਕਰ ਰਹੀ ਹੈ। ਉਸ ਮੇਰਾ ਕੋਈ ਵੀ ਬੋਲ ਰੋਕਦਿਆਂ ਮੁੜ ਆਖਿਆ : "ਬਾਈ ਘਰ ਚੱਲ?"

"ਓਥੇ ਕੋਈ ਹੋਰ ਸ਼ਿਵ ਐ?" ਮੈਨੂੰ ਉਹਦੇ ਆਪਾ ਕੋਹਣ ਉੱਤੇ ਗੁੱਸਾ ਆ ਰਿਹਾ ਸੀ।

"ਸ਼ਿਵ ਤਾਂ ਹੋਰ ਕੋਈ ਨਹੀਂ ਪਰ ਤੂੰ ਮੈਨੂੰ ਕਦੇ ਸੇਵਾ ਦਾ ਮੌਕਾ ਨਹੀਂ ਦਿੱਤਾ।"

"ਜੇਹੜਾ ਸੇਵਾ ਮੋੜ ਨਹੀਂ ਸਕਦਾ, ਉਹਨੂੰ ਸੇਵਾ ਲੈਣ ਦਾ ਕੋਈ ਅਧਿਕਾਰ ਨਹੀਂ।"

"ਤੇਰੀ ਗੱਲ ਨਾ ਮੰਨ ਕੇ ਮੈਨੂੰ ਆਪਾ ਗੁਨਾਹਗਾਰਾਂ ਵਰਗਾ ਲਗਦਾ ਹੈ।"

"ਨਹੀਂ, ਇਉਂ ਨਾ ਸੋਚ, ਪਰ ਮੈਂ ਤੈਨੂੰ ਇਸ ਹਾਲਤ ਵਿੱਚ ਦੇਖ ਕੇ ਦੁਖੀ ਜ਼ਰੂਰ ਹੁੰਦਾ ਹਾਂ। ਬਰਾਬਰ ਦੇ ਸ਼ਰੀਕ ਭਰਾ ਨੂੰ ਸਿੱਖਿਆ ਦੇਣੀ ਮੂਰਖ਼ਤਾ ਹੁੰਦੀ ਐ।"

ਇਕ ਵਾਰ ਫਿਰ ਚੰਡੀਗੜ੍ਹ ਦੀ ਪ੍ਰੀਤਮ ਵਾਚ ਹਾਊਸ ਦੇ ਸਾਹਮਣੇ ਉਹ ਮਿਲਿਆ। ਨਾਲ ਹੀ ਠੇਕਾ ਸੀ। ਦਿਨ ਦੇ ਦਸ ਵਜੇ, ਸੌ ਡਿਗਰੀ ਦਾ ਬੁਖ਼ਾਰ, ਪਰ ਪੀਤੀ ਹੋਈ ਸੀ। ਮੈਂ ਮਨ ਦੇ ਅਫ਼ਸੋਸ ਨੂੰ ਅੰਦਰੇ ਅੰਦਰ ਜ਼ਿਬਾਹ ਕਰ ਲਿਆ। ਮੈਂ ਪ੍ਰੀਤਮ ਨੂੰ ਆਖਿਆ : "ਕਿਸੇ ਤਰ੍ਹਾਂ ਇਸ ਨੂੰ ਖੁਰਨੋਂ ਰੋਕਿਆ ਨਹੀਂ ਜਾ ਸਕਦਾ?"

"ਮੁਸ਼ਕਲ ਐ।" ਉਸ ਘੜੀ ਵੇਖਣ ਵਾਲੀ ਲੰਮੀ ਅੱਖ ਲਾਹੁੰਦਿਆਂ ਇਉਂ ਆਖਿਆ, ਜਿਵੇਂ ਕਿਸੇ ਟਾਈਮਪੀਸ ਦਾ ਲੀਵਰ ਨਕਾਰਾ ਹੋ ਚੁੱਕਾ ਹੋਵੇ।

ਇੱਕ ਮਹੀਨੇ ਪਿਛੋਂ ਪ੍ਰੀਤਮ ਸਿੰਘ ਨੇ ਦੱਸਿਆ, ਸ਼ਿਵ ਸੋਚ ਰਿਹਾ ਸੀ, ਬਲਰਾਜ ਜੀ ਨਾਲ ਕੁਦਰਤ ਨੇ ਕਿੰਨੀ ਵਧੀਕੀ ਕੀਤੀ ਹੈ ਤੇ ਸ਼ਿਵ ਨੇ ਖ਼ੁਦ ਕੁਦਰਤ ਨਾਲ ਜ਼ਬਰਦਸਤ ਕਹਿਰ ਕਮਾਇਆ ਏ। ਅੱਜ ਦੀਆਂ ਸਮਾਜੀ ਕਦਰਾਂ ਕੀਮਤਾਂ ਨੇ ਕੀਹਨੂੰ ਨਿਆਂ ਦਿੱਤਾ ਹੈ। ਹਾਰ ਮੰਨ ਲੈਣਾ, ਡਿੱਗ ਪੈਣਾ, ਸ਼ਰਾਬੀ ਜਾਂ ਤਿਆਗੀ ਹੋ ਜਾਣਾ ਅੱਜ ਦੇ ਸਾਹਿਤਕਾਰ ਦਾ ਕਰਤੱਵ ਨਹੀਂ। ਕਾਸ਼! ਸ਼ਿਵ ਕੁਮਾਰ ਸੂਰਮਾ ਕਵੀ ਹੁੰਦਾ—ਉਹਦਾ ਬਿਰਹਾ ਤਾਕਤ ਵਿੱਚ ਬਦਲ ਜਾਂਦਾ। ਕਾਸ਼, ਪੀਲਾ ਗਲਾਸ ਕਦੇ ਸੂਹਾ ਹੁੰਦਾ ਪਰ, 'ਕੀ ਦੋਸ਼ ਨਣਦ ਨੂੰ ਦੇਣਾ ਏਵੇਂ ਹੋਣੀ ਸੀ।'

ਕੁੱਝ ਮਹੀਨਿਆਂ ਪਿਛੋਂ ਬਲਰਾਜ ਤੇ ਸੁਤੰਤਰ ਦੀਆਂ ਮੌਤਾਂ ਨੇ ਪੰਜਾਬ ਤੇ ਹਿੰਦੁਸਤਾਨ ਮੂਧੇ ਕਰ ਸੁੱਟੇ। ਬਲਰਾਜ ਦੇ ਘਰ ਬੰਬਈ ਵਿੱਚ ਸਾਂ ਜਦ ਊਸ਼ਾ ਦਾ ਸਵੇਰੇ-ਸਵੇਰੇ ਫ਼ੋਨ ਆਇਆ : "ਕੰਵਲ ਜੀ! ਤੁਸਾਂ ਕੁਝ ਸੁਣਿਆ, ਬਹੁਤ ਮਾੜੀ ਗੱਲ ਹੈ?" ਉਹਦੀ ਕਾਹਲੀ ਆਵਾਜ਼ ਥਿੜਕੀ ਹੋਈ ਸੀ।

"ਨਹੀਂ ਤਾਂ।" ਹੈਰਾਨੀ ਵਿੱਚ ਮਾੜੀ ਗੱਲ ਸਹਿਣ ਕਰਨ ਲਈ ਮੈਂ ਆਪਾ ਤਿਆਰ ਕਰ ਰਿਹਾ ਸਾਂ।

"ਸ਼ਿਵ ਪੂਰਾ ਹੋ ਗਿਆ ਏ, ਸ਼ਿਵ ਕੁਮਾਰ ਬਟਾਲਵੀ।" ਮੈਂ ਥਾਏਂ ਸੁੰਨ ਹੋ ਗਿਆ, ਇੱਕ ਮਿੰਟ ਮੇਰੇ ਕੋਲ ਕੁੱਝ ਵੀ ਨਾ ਆਖ ਹੋਇਆ। ਉਹ ਮੁੜ ਬੋਲੀ, "ਇਹ ਕੀ ਹੋ ਰਿਹਾ ਏ, ਪੰਜਾਬ ਦਾ ਬਾਗ਼ ਈ ਉਜੜੀ ਜਾ ਰਿਹਾ ਏ।" "ਊਸ਼ਾ ਇਹ ਮਨਹੂਸ ਖ਼ਬਰ ਅਵੇਰੇ ਸਵੇਰੇ ਮੈਨੂੰ ਸੁਣਨੀ ਹੀ ਪੈਣੀ ਸੀ।" ਟੈਲੀਫ਼ੋਨ ਆਪਣੇ ਆਪ ਬੰਦ ਹੋ ਗਿਆ।

ਸ਼ਿਵ ਦਾ ਗ਼ਮ, ਉਹਦੇ ਬੋਲ, ਪੰਜਾਬ ਦੀ ਹਿੱਕ 'ਤੇ ਖਾਈ ਪੁੱਟ ਗਏ ਹਨ। ਇਸ ਦੁਖਾਂਤ ਉੱਤੇ ਪੁੱਲ ਰੱਖਣਾ ਸੂਰਮੇ ਸਾਹਿਤਕਾਰਾਂ ਦਾ ਫ਼ਰਜ਼ ਹੈ। ਉਹ ਜਿੰਨਾ ਵੀ ਕਰ ਗਿਆ, ਜਿਵੇਂ ਵੀ ਕਰ ਗਿਆ, ਮਹਾਨ ਹੈ। ਸ਼ਿਵ ਦੀ ਮਹਾਨਤਾ ਨੂੰ ਸਦਾ ਸਲਾਮ! ਪਰ ਕਾਫ਼ਲਾ ਰੁਕ ਨਹੀਂ ਸਕਦਾ, ਵਾਟ ਖੋਟੀ ਹੁੰਦੀ ਹੈ। ਸ਼ਿਵ ਦੇ ਗ਼ਮ ਦੀ ਖਾਤਰ ਸਾਥੀਓ! ਵਧੀ ਚਲੋ!



Sri Satguru Jagjit Singh Ji eLibrary NamdhariElibrary@gmail.com

# ਕੌਮੀ ਵਸੀਅਤ

ਪਿਆਰ ਦੀ ਸੁਗਾਤ
ਤੇ
ਸਤਿਕਾਰ ਸਹਿਤ
ਸ. ਸੁਰਜਨ ਸਿੰਘ ਗਿੱਲ
ਜੀ ਨੂੰ.

ਵਲੋਂ
ਜਸਵੰਤ ਸਿੰਘ ਕੰਵਲ,
[illegible]

10-10-03






[illegible]!
ਪੰਜਾਬੀਆਂ ਦੇ [illegible], ਗੁਰੂ ਗੋਬਿੰਦ ਸਿੰਘ ਦੇ [illegible]!!
ਕਦੇ ਇਹ ਵੀ ਸੋਚਿਆ ਏ,
[illegible], ਗੁਰੂ ਨਾਨਕ ਤੇ [illegible]
ਸਾਰੀ ਦੁਨੀਆਂ ਵਿਚ [illegible] ਰਹੀ ਹੈ?
ਤੇ ਤੁਸੀਂ
ਗਲੀਆਂ ਵਿਚ [illegible] ਖੁਦਕਸ਼ੀਆਂ ਕਰ ਰਹੇ ਹੋ।
[illegible] ਹੋ,
[illegible], ਤੇ ਉਨ੍ਹਾਂ ਸਿੱਖਾਂ ਦੇ ਪੁੱਤਰ [illegible]
ਤੇ ਲੋਕਾਂ ਦੇ ਕਿਉਂ ਨਹੀਂ [illegible] ਹੋ ਸਕਦੇ ਹੋ।
[illegible] ਤੁਹਾਨੂੰ [illegible]।
ਤੁਸੀਂ [illegible]!
ਜੇ ਕੌਮੀ [illegible],
[illegible]
[illegible] ਨਹੀਂ [illegible]।
ਜੇ [illegible] ਵਿਚ [illegible],
[illegible]
[illegible] ਨੂੰ [illegible]।
[illegible],
[illegible]? — ਜਸਵੰਤ ਸਿੰਘ ਕੰਵਲ

ISBN 81-7601-587-3
9788176015875



Sri Satguru Jagjit Singh Ji eLibrary NamdhariElibrary@gmail.com

# ਲੂਣਾ ਦਾ ਸ਼ਿਵ ਕੁਮਾਰ

ਗੁਰਦਿਆਲ ਸਿੰਘ ਰਾਏ



*ਛੱਡ ਕੇ ਅਕਲਾਂ ਦਾ ਝਿੱਕਾ ਆਲ੍ਹਣਾ*
*ਉੜ ਗਿਆ ਹਿਜਰਾਂ ਦਾ ਪੰਛੀ ਉੜ ਗਿਆ*
*ਹੈ ਕੋਈ ਸੂਈ ਕੰਧੂਈ ਦੋਸਤੋ*
*ਵਕਤ ਦੇ ਪੈਰਾਂ 'ਚ ਕੰਡਾ ਭੁੜ ਗਿਆ*

"ਗ਼ਮ, ਪੀੜਾਂ, ਦਰਦ ਤੇ ਨਿਰਾਸਤਾ ਦਾ ਦੂਜਾ ਨਾਮ ਜ਼ਿੰਦਗੀ ।" ਡਾ: ਜੀਤ ਸਿੰਘ ਸੀਤਲ ਸ਼ਿਵ ਵਾਰੇ ਲਿਖਦਿਆਂ ਮੋਹਨ - ਅੰਮ੍ਰਿਤਾ ਕਾਵਿ ਪਰੰਪਰਾ ਦੇ ਨਾਲ-ਨਾਲ ਪੰਜਾਬੀ ਸਾਹਿਤ ਨੂੰ ਗ਼ਮ ਦੇ ਸੋਗੀ ...ਇਰ ਦੀ ਬਹੁਤ ਚਿਰਾਂ ਤੋਂ ਲੋੜ ਅਤੇ ਉਡੀਕ ਸੀ। ਸ਼ਿਵ ਨੇ ੧੯੬੦ ...ੱਚ 'ਪੀੜਾਂ ਦਾ ਪਰਾਗਾ' ਦੇ ਕੇ ਇਹ ਥਾਂ ਪੂਰੀ ਕਰ ਦਿੱਤੀ ਅਤੇ ਜੀਉਂਦੇ ਜੀਅ ਇੱਥੇ ਇਹ ਹੋਰ ਕਿਸੇ ਨੇ ਪੁੱਜਣ ਦਾ ਯਤਨ ਨਹੀਂ ਕੀਤਾ। ਉਸ ਲਿਖਿਆ,

*'ਪੀੜਾਂ ਦੇ ਧਰਕੋਣੇ ਖਾ ਖਾ ਹੋ ਗਏ ਗੀਤ ਕੁਸੈਲੇ ਵੇ*
*ਵਿੱਚ ਨੜੋਏ ਬੈਠੀ ਜਿੰਦੂ, ਕੀਕਣ ਸੋਹਲੇ ਗਾਏ ਵੇ'*

ਲਾਜਵੰਤੀ ਵਿੱਚ ਸ਼ਿਵ ਦਾ ਦਰਦ ਸਾਰੇ ਬੰਧਨ ਤੋੜ ਗਿਆ। ਸ਼ਿਵ ਦੀ ਅੱਖ ਹੁਣ ਇਉਂ ਰੋਣ ਲਗੀ–

*'ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿੱਚ*
*ਬ੍ਰਿਹੋਂ ਦੀ ਰੜਕ ਪਵੇ'*

ਅਤੇ ਫਿਰ ਜਦ ਸੌਂਕਣਾ ਵਾਂਗ ਦੁਨੀਆ ਸ਼ਿਵ ਦੀ ਵੈਰਨ ਬਣ ਗਈ ਤਾਂ ਉਹ ਕੂਕ ਉੱਠਿਆ।

*'ਅੱਜ ਸੌਂਕਣ ਦੁਨੀਆ ਮੈਂਡੜੀ*
*ਮੈਨੂੰ ਆਈ ਕਲੀਰੇ ਪਾਣ ਵੇ।'*

'ਆਟੇ ਦੀਆਂ ਚਿੜੀਆਂ' ਵਿੱਚ ਸ਼ਿਵ ਨੇ ਇਹ ਜਤਲਾਇਆ ਕਿ ਇਸ ਸੰਸਾਰ ਦੀ ਰਚਨਾ ਦਾ ਮੂਲ ਕਾਰਨ ਅਤੇ ਮਨੋਰਥ ਕਾਮ ਹੈ। ਉਹ ਲਿਖਦਾ ਹੈ–

*'ਇਹ ਵਣ ਤ੍ਰਿਣ ਪੌਣ, ਮਿਟੀ ਅੱਗ ਪਾਣੀ,*
*ਹੈ ਸਾਰੀ ਕਾਮ 'ਚੋਂ ਉਪਜੀ ਕਹਾਣੀ।'*

ਔਰਤ ਦੇ ਦਰਦ ਨੂੰ ਵੀ ਸ਼ਿਵ ਨੇ ਖ਼ੂਬ ਸਮਝਿਆ ਹੈ। ਹਰ ਔਰਤ ਸ਼ਿਵ ਲਈ ਇੱਕ ਕਵਿਤਾ ਸੀ।

ਸ਼ਿਵ ਇੱਕ ਜਲਦਾ ਅੰਗਿਆਰਾ ਸੀ ਜਾਂ ਜਵਾਲਾਮੁਖੀ ਸੀ। ਉਹ ਥੋੜ੍ਹੇ ਸਮੇਂ ਵਿੱਚ ਹੀ ਪੰਜਾਬੀ ਸਾਹਿਤ ਨੂੰ ਜੋ ਖ਼ਜ਼ਾਨਾ ਦੇ ਗਿਆ ਉਸਦਾ ਬਦਲ ਨਹੀਂ ਪਰ ਉਸਦੀ ਬੇਮੌਕਿਆਂ ਮੌਤ ਜੋ ਕੁਝ ਨਹੀਂ ਦਵਾ ਸਕੀ ਉਹ ਇੱਕ ਮਹਾਨ ਘਾਟਾ ਹੈ। ਪਰ ਸ਼ਿਵ ਤਾਂ ਜੰਮਿਆ ਹੀ ਮਰਨ ਲਈ ਸੀ–

*'ਅਸਾਂ ਤਾਂ ਜੋਬਨ ਰੁਤੇ ਮਰਨਾ*
*ਮੁੜ ਜਾਣਾ ਅਸਾਂ ਭਰੇ ਭਰਾਏ'*

ਹਾਂ ਸ਼ਿਵ! ਤੂੰ ਤੇ ਹਾਲਾਂ ਵੀ ਭਰਿਆ ਭਰਿਆ ਸੀ। ਇਹ ਤੇ ਸਾਡੀ ਬਦਕਿਸਮਤੀ ਸੀ ਕਿ ਤੈਨੂੰ ਕੁੱਤਿਆਂ ਤੋਂ ਬਚਾ ਨਾ ਸਕੇ।

ਤੇਰੀ ਭਰੀ ਭਰਾਈ ਕਲਮ ਨੂੰ ਸਲਾਮ!!!



Sri Satguru Jagjit Singh Ji eLibrary NamdhariElibrary@gmail.com

# A Transcendental Agony
# Shiv Kumar

Dr. C.S. Chan



Shiv Kumar was a born poet who migrated from the poetic region of Sialkot to Batala at the most miserable moment of human history. It was the Independence of the subcontinent in 1947 – the dr eadful, painful, horrible, miserable, devastating, slaughtering and marauding phenomenon, which bisected the trouble stricken North India. The pangs of separation are recurrent themes of this great lyricist of the land. He has been hailed as one of the great poets of all times.

Nevertheless, being acquainted with some of his poems, receding and bleeding parting songs and prosodic commentary on the nearly dead ROMANTIC tradition of the land of five rivers, Shiv Kumar has fostered the impression of sentimental romance of the bygone era in the contemporary idiom. Spanning from the folk-stage to the film screen, Shiv Kumar has re-established the heroic, romantic and down to earth tradition of transcendental poetry.

It is not generally known, for example, that Shiv Kumar's creativity overflowed with bawdiness, satire ardent Panjabi odour and recalcitrant revolutionary thoughts that he imbibed in his poetry. His musical presentation has captivated the listeners over a period of revival of chivalrous, sacrificial and utter-devotional aspect of our culture.

I had an opportunity to see Shiv Kumar in the fifties when he sang his first song (the maiden song) 'Piran da Praga' at a kavi darbar in Jalandhar City's company bagh in 1955. I was perhaps the last recorder and listener of Shiv Kumar in England when he wrote down in one of my book – a poem on 'The Sun' :-

ਚੜ੍ਹ ਆ! ਚੜ੍ਹ ਆ! ਚੜ੍ਹ ਆ।
ਧਰਤੀ ਤੇ ਧਰਤੀ-ਧਰ ਆ।
ਅੱਜ ਸਾਰਾ ਅੰਬਰ ਤੇਰਾ।
ਤੈਨੂੰ ਰੋਕਣ ਵਾਲਾ ਕਿਹੜਾ?

I have adorned this poem since 1972 and I am proud of reproducing this great lyric written by the author in his own hand.

PIRAN DA PRAGA was prepared as a manuscript. I asked my friend artist Duleep Singh to illustrate this transcendental poem/song. He chose the image of 'Thohar' (cactus) representing Shiv's poetic thought. Although MAIN KANDIALI THOHAR is not the index poem – this maiden collection by it enjoys the recurrent imagery of this whole work.

To my mind the 'Piran da Praga' and 'Charh Aa! Charh Aa!' were the first and last creations of this great gem of Punjabi poetry of the 20th century. I would like to elaborate this theme in the following words.



Sri Satguru Jagjit Singh Ji eLibrary NamdhariElibrary@gmail.com

He listened with attention as an old sage. He learned from chat books and broadside ballads. A boyhood visit to a Mela (folk festival) in the 'Majha' broadened his experiences, revealing vistas stretching far beyond the confines of his father's middle class situation. As he approached young manhood, however, his prospects as either a 'Patwari' or a poet, seemed utterly drearier.

Look at his transcendental Ghazal –

ਮੈਨੂੰ ਤਾਂ ਮੇਰੇ ਦੋਸਤਾਂ ਮੇਰੇ ਗ਼ਮ ਨੇ ਮਾਰਿਆ।

*My dear mate, I have been killed through my own miserable plight.*
*I have no grudge against the hot-burning sun of the month of June.*
*The cause of my death is the sweet dew of the beautiful month of 'Chet'.*

*The Sun that rose early in the morning had to meet the sunset in the evening.*
*You blame the West – No the West did not kill the Sun.*
*The assassin is not an enemy*
*It is true my friend –*
*Shiv has been killed by his own dear friend.*

ਸ਼ਿਵ ਨੂੰ ਇਕ ਗ਼ਮ ਤੇ ਹੀ ਭਰੋਸਾ ਸੀ
ਗ਼ਮ ਤੋਂ ਕੋਰਾ ਜਵਾਬ ਲੈ ਬੈਠਾ।

*Shiv had full faith in his 'sorrowful plight,'*
*But alas! Now he has received a blank NO from his 'sorrowful plight'*

He changed this verse thus :-

ਚੰਗਾ ਹੁੰਦਾ ਸਵਾਲ ਨਾ ਕਰਦਾ,
ਮੈਨੂੰ ਤੇਰਾ ਜਵਾਬ ਲੈ ਬੈਠਾ।

*It would have been better if I didn't ask any question or favour from you.*
*From you, the embodiment of grief, in the end, I received a reply as a 'No'.*
*Lost 1 am in your captivating beauty!*

Now he began to create his own orbit within the exalted circles of the elite of the Punjab. He met the antiquarians who were interested in the preservation of old 'Baint Style' poetry and he made his happiest contact with the masses of the Punjab through the radio listeners and the stage.

ਜਿੱਥੇ ਇੱਤਰਾਂ ਦੇ ਵਗਦੇ ਨੇ ਚੋ ਨੀ
ਉੱਥੇ ਮੇਰਾ ਯਾਰ ਵਸਦਾ
ਜਿੱਥੋਂ ਲੰਘਦੀਆਂ ਪੌਣ ਵੀ ਖਲੋ
ਨੀ ਉੱਥੇ ਮੇਰਾ ਯਾਰ ਵਸਦਾ।

*My love lives there where*
*The streams of scent flow*
*No matter what season*
*There is a continuos fall of snow.*

*Morns creep into this region*
*Bare-footed and make no sound*
*The nights adore their feet*
*With the henna of sweet rays.*



Sri Satguru Jagjit Singh Ji eLibrary NamdhariElibrary@gmail.com

*The fragrance bathes in the moonlight*
*That's where my love resides.*

*I have no idea as to*
*How long I have to live*
*In this agonising separation*
*I might gulp down a drought*
*Of my love in my dream*

*Oh, No! 1 have turned into*
*A mad lover-forgive me*
*My Lord, I won't commit such a sin any more.*



## *From His Ghazalgoi*

*I long to die young,*
*There is an abode for youth after death*
*To conceal my agony*
*Under the garb of*
*Sweet and serene lyrics*
*Sorrowful and miserable verses.*
*1 have been engaged in*
*Lighting the lamps of existence*
*Feeding it with my tears and torments*
*I have eaten nine and quarter*
*Thousand of suns and moons –*
*Over the thirty years of my being*
*I shared my happy and joyful moments*
*With the milieu unhesitatingly*
*But no one has shared my*
*Sad plight and pangs of separation*
*My dark days of gloom are growing*
*Making my mournful nights unbearable*
*O dear! Don't blame the death – the sublime*
*It is the birth that imbibed death in itself*
*It is midday sunshine but my shadows are extending* **(ਸਿਖ਼ਰ ਦੁਪਹਿਰੇ ਮੇਰਾ ਤਾਂ ਹੈ ਢਲ ਚਲਿਆ ਪ੍ਰਛਾਵਾਂ)**
*Graves are eagerly awaiting for you as the*
*Loveful mums await their sons to come home* **(ਕਬਰਾਂ ਉਡੀਕਦੀਆਂ ਜੀਉਂ ਪੁੱਤਰਾਂ ਨੂੰ ਮਾਵਾਂ)**



Sri Satguru Jagjit Singh Ji eLibrary NamdhariElibrary@gmail.com

# ਸ਼ਿਵ ਦੀ ਕਲਮ













## ਸ਼ਿਵ ਕੁਮਾਰ ਬਟਾਲਵੀ

ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗ
ਮੇਰੇ ਯਾਰ ਸਭ ਹੁਮ-ਹੁਮਾ ਕੇ ਚੱਲਣਗੇ

ਚੱਲਣਗੇ ਮੇਰੇ ਨਾਲ ਦੁਸ਼ਮਣ ਵੀ ਮੇਰੇ
ਇਹ ਵੱਖਰੀ ਹੈ ਗਲ ਮੁਸਕਰਾ ਕੇ ਚੱਲਣਗੇ

ਰੱਹੀਆਂ ਤੱਨ ਤੇ ਲੀਰਾਂ ਮੇਰੇ ਜਿੰਦਗੀ ਭਰ
ਪਰ ਮਰਨ ਬਾਦ ਮੇਨੂੰ ਸਜ਼ਾ ਕੇ ਚੱਲਣਗੇ

ਜਿਹਨਾ ਦੇ ਮੇਂ ਪੇਰਾਂ 'ਚ ਰੁਲਦਾ ਰਿਹਾ ਹਾਂ
ਉਹ ਹੱਥਾਂ ਤੇ ਮੇਨੂੰ ਉਠਾ ਕੇ ਚੱਲਣਗੇ

ਮੇਰੇ ਯਾਰ ਮੋਢਾ ਵਟਾਉਣ ਬਹਾਨੇ
ਤੇਰੇ ਦਰ ਤੇ ਸਜ਼ਦਾ ਕਰਾ ਕੇ ਚੱਲਣਗੇ

ਬਿਠਾਇਆ ਜਿਹਨਾ ਮੇਨੂੰ ਪਲਕਾਂ ਕੀ ਛਾਵੇ
ਉਹ ਬਲਦੀ ਹੋਈ ਅੱਗ ਤੇ ਬਿਠਾ ਕੇ ਚੱਲਣਗੇ

ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ
ਮੇਰੇ ਯਾਰ ਸਭ ਹੁਮ-ਹੁਮਾ ਕੇ ਚੱਲਣਗੇ

ਦੀਪ ਫਗਵਾੜਾ





Sri Satguru Jagjit Singh Ji eLibrary NamdhariElibrary@gmail.com



ਗ਼ਮਾਂ ਦੀ ਰਾਤ ਲੰਮੀ ਏ,
ਜਾਂ ਮੇਰੇ ਗੀਤ ਲੰਮੇ ਨੇ
ਨਾ ਭੈੜੀ ਰਾਤ ਮੁਕਦੀ ਏ,
ਨਾ ਮੇਰੇ ਗੀਤ ਮੁਕਦੇ ਨੇ।

ਇਹ ਸਰ ਕਿੰਨੇ ਕੁ ਡੂੰਘੇ ਨੇ
ਕਿਸੇ ਨੇ ਹਾਥ ਨਾ ਪਾਈ,
ਨਾ ਬਰਸਾਤਾਂ 'ਚ ਚੜ੍ਹਦੇ ਨੇ
ਤੇ ਨਾ ਔੜਾਂ 'ਚ ਸੁਕਦੇ ਨੇ।

ਮੇਰੇ ਹੱਡ ਹੀ ਅਵੱਲੇ ਨੇ
ਜੋ ਅੱਗ ਲਾਇਆਂ ਨਹੀਂ ਸੜਦੇ,
ਨੇ ਸੜਦੇ ਹਉਕਿਆਂ ਦੇ ਨਾਲ
ਹਾਵਾਂ ਨਾਲ ਧੁਖਦੇ ਨੇ।

ਇਹ ਫੱਟ ਹਨ ਇਸ਼ਕ ਦੇ ਯਾਰੋ
ਇਹਨਾਂ ਦੀ ਕੀ ਦਵਾ ਹੋਵੇ,
ਇਹ ਹੱਥ ਲਾਇਆਂ ਵੀ ਦੁਖਦੇ ਨੇ
ਮਲ੍ਹਮ ਲਾਇਆਂ ਵੀ ਦੁਖਦੇ ਨੇ।

ਜੋ ਗੋਰੀ ਰਾਤ ਹੈ ਚੰਨ ਦੀ
ਤਾਂ ਕਾਲੀ ਰਾਤ ਹੈ ਕਿਸ ਦੀ ?
ਨਾ ਲੁਕਦੇ ਤਾਰਿਆਂ ਵਿੱਚ ਚੰਨ
ਨਾ ਤਾਰੇ ਚੰਨ 'ਚ ਲੁਕਦੇ ਨੇ ।



Sri Satguru Jagjit Singh Ji eLibrary NamdhariElibrary@gmail.com

# ਕਿਸ ਕੁੱਤੇ ਨੂੰ ਹਮਦਰਦੀ ਦੀ ਲੋੜ ਹੈ?

*ਮੈਨੂੰ ਲੋੜ ਹੈ ਲੋਕਾਂ ਦੀ ਸਮਝ ਦੀ, ਸਾਹਿਤਕ ਸੂਝ ਦੀ। ਪਰ ਸਭ ਮੇਰੇ ਦੁਆਲੇ ਨਸੀਹਤ ਦਾ ਸੋਟਾ ਚੁਕੀ ਫਿਰਦੇ ਨੇ : 'ਸ਼ਰਾਬ ਨਾ ਪੀ, ਕੁੱਤਿਆਂ ਦੇ ਗੀਤ ਨਾ ਲਿਖ।' ਦੱਸੋ ਮੈਂ ਕੀ ਕਰਾਂ? ਜੋ ਮੈਂ ਲਿਖ ਰਿਹਾ ਹਾਂ ਉਸਨੂੰ ਕੋਈ ਛਾਪਣ ਨੂੰ ਤਿਆਰ ਨਹੀਂ। ਮੈਂ ਉੱਲੂ ਦਾ ਪੱਠਾ ਹਾਂ। ਲੋਕ ਮੇਰੀ ਕਵਿਤਾ ਤੋਂ ਡਰਦੇ ਹਨ। ਉਹ ਚਾਹੁੰਦੇ ਹਨ ਮੈਂ ਨਰਮ ਨਰਮ ਜਜ਼ਬਾਤ ਵਾਲੀ ਕਵਿਤਾ ਲਿਖਾਂ, ਬਿਰਹਾ ਦੇ ਗੀਤ, ਇਸ਼ਕ ਦੀਆਂ ਦੰਦਲਾਂ, ਮਾਂ ਨੂੰ ਹਾਕਾਂ ਮਾਰ ਕੇ ਰੋਵਾਂ, ਵਿਹੜੇ ਦੇ ਸਰਾਪ ਦੀਆਂ ਮਘਦੀਆਂ ਹੋਈਆਂ ਤੁਕਾਂ ਰਚਾਂ। ਪਰ ਮੈਂ ਇਹ ਨਹੀਂ ਲਿਖ ਰਿਹਾ। ਮੈਂ ਲਿਖ ਰਿਹਾ ਹਾਂ : 'ਕੁੱਤੇ', 'ਲੁੱਚੀ ਧਰਤੀ' ਤੇ 'ਫਾਂਸੀ'। 'ਫਾਂਸੀ' ਮੈਂ ਆਪਣੇ ਪਿੰਡ ਦੇ ਇੱਕ ਦਰੱਖ਼ਤ ਨੂੰ ਫਾਂਸੀ ਦੇ ਰਿਹਾ ਹਾਂ। ਉਸਦਾ ਪਿਉ ਕਿਕਰਾਂ ਵਰਗਾ, ਮਾਂ ਬੇਰੀਆਂ ਵਰਗੀ।'*

ਸ਼ਿਵ ਕੁਮਾਰ ਦੇ ਉਪਰੋਕਤ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਅਪਾਰ ਲੋਕਪ੍ਰਿਯਤਾ ਦੇ ਬਾਵਜੂਦ ਉਹ ਅਤ੍ਰਿਪਤ ਸੀ। ਉਸ ਤੋਂ ਵੱਧ ਲੋਕਾਂ ਨੇ ਕਿਸ ਸਮਕਾਲੀ ਨੂੰ ਸਮਝਿਆ ਹੈ, ਪਰ ਉਹਨੂੰ ਵੀ ਸ਼ਿਕਾਇਤ ਹੈ ਕਿ ਲੋਕ ਉਸਨੂੰ ਸਮਝਦੇ ਨਹੀਂ। ਉਸ ਦੀ ਰੱਜ ਕੇ ਨਾਮਵਰੀ ਹੋਈ, ਪਰ ਉਹ ਪੁੱਜ ਕੇ ਦੁਖੀ ਹੈ। ਉਸਦੀ ਆਪਣੇ ਆਪ ਨੂੰ ਗਾਲ੍ਹ ਕਵਿਤਾ ਦੇ ਮਹਿਰਮਾਂ ਪ੍ਰਤੀ ਬੇਪਰਤੀਤੀ ਦਾ ਮਤਾ ਹੈ।

"ਪੰਜਾਬੀਆਂ ਨੇ ਸ਼ਿਵ ਨੂੰ ਲਾਡ ਲਡਾਇਆ ਹੈ, ਉਸਦੇ ਕੌੜੇ ਬੋਲ ਸੁਣਨ ਦੀ ਹੋਣੀ ਵੀ ਉਨ੍ਹਾਂ ਦੀ ਹੀ ਹੈ।"

## ਕੁੱਤੇ

ਕੁੱਤਿਓ ਰਲ ਕੇ ਭੌਂਕੋ
ਤਾਂ ਕਿ ਮੈਨੂੰ ਨੀਂਦ ਨਾ ਆਵੇ।
ਰਾਤ ਹੈ ਕਾਲੀ ਚੋਰ ਨੇ ਫਿਰਦੇ
ਕੋਈ ਘਰਾਂ ਨੂੰ ਸੰਨ੍ਹ ਨਾ ਲਾਵੇ।
ਉਂਝ ਤਾ ਮੇਰੇ ਘਰ ਵਿੱਚ ਕੁਝ ਨਹੀਂ
ਕੁਝ ਹਉਕੇ ਤੇ ਕੁਝ ਹਾਵੇ
ਕੁੱਤਿਆਂ ਦਾ ਮਸ਼ਕੂਰ ਬੜਾ ਹਾਂ
ਰਾਤੋਂ ਡਰ ਨਾ ਆਵੇ।
ਕੋਈ ਕੋਈ ਪਰ ਸੰਗਲੀ ਸੰਗ ਬੱਝਾ
ਐਵੇਂ ਭੌਂਕੀ ਜਾਵੇ
ਚੋਰਾਂ ਨੂੰ ਉਹ ਮੋੜੇ ਕਾਹਦਾ
ਸਗੋਂ ਉਲਟੇ ਚੋਰ ਬੁਲਾਵੇ।
ਕੁੱਤਿਓ ਪਰ ਇਹ ਯਾਦ ਜੇ ਰਖਣਾ
ਕੋਈ ਨਾ ਸੱਪ ਨੂੰ ਖਾਵੇ
ਜਿਹੜਾ ਕੁੱਤਾ ਸੱਪ ਨੂੰ ਖਾਵੇ
ਸੋਈਓ ਹੀ ਹਲਕਾਵੇ ।
ਤੇ ਹਰ ਇੱਕ ਹਲਕਾਇਆ ਕੁੱਤਾ
ਪਿੰਡ ਵਿੱਚ ਹੀ ਮਰ ਜਾਵੇ
ਜੇਕਰ ਪਿੰਡੋਂ ਬਾਹਰ ਜਾਵੇ
ਸਿਰ ਤੇ ਡਾਂਗਾਂ ਖਾਵੇ
ਉਂਜ ਜਦ ਵੀ ਕੋਈ ਕੁੱਤਾ ਰੋਵੇ
ਮੈਂ ਸਮਝਾਂ ਰੱਬ ਗਾਵੇ।



Sri Satguru Jagjit Singh Ji eLibrary NamdhariElibrary@gmail.com







ਮੈਂ ਅਧੂਰੇ ਗੀਤ ਦੀ ਇੱਕ ਸਤਰ ਹਾਂ
ਮੈਂ ਅਪੈਰੀ-ਪੈੜ ਦਾ ਇੱਕ ਸਫ਼ਰ ਹਾਂ
ਇਸ਼ਕ ਨੇ ਜੋ ਕੀਤੀਆਂ ਬਰਬਾਦੀਆਂ
ਮੈਂ ਉਹਨਾਂ ਬਰਬਾਦੀਆਂ ਦੀ ਸਿਖ਼ਰ ਹਾਂ
ਮੈਂ ਤੇਰੀ ਮਹਿਫ਼ਿਲ ਦਾ ਬੁਝਿਆ ਇੱਕ ਚਿਰਾਗ਼
ਮੈਂ ਤੇਰੇ ਹੋਠਾਂ 'ਚੋਂ ਕਿਰਿਆ ਜ਼ਿਕਰ ਹਾਂ
ਜਿਸਨੇ ਮੈਨੂੰ ਵੇਖ ਕੇ ਨਾ ਵੇਖਿਆ
ਮੈਂ ਉਹਦੇ ਨੈਣਾਂ ਦੀ ਗੂੰਗੀ ਨਜ਼ਰ ਹਾਂ 'ਸ਼ਿਵ'

ਮੇਰੇ ਮੱਥੇ
ਤੋਂ ਆਉਣ ਵਾਲੇ
ਇਹ ਲੋਕ ਪੜ੍ਹ ਕੇ ਕਿਹਾ ਕਰਨਗੇ
ਇਹ ਉਹ ਵਿਚਾਰੀ ਬਦਬਖ਼ਤ ਰੂਹ ਹੈ
ਕਿ ਜਿਹੜੀ ਹਿਰਨਾਂ ਦੇ ਸਿੰਙਾਂ ਉੱਤੇ
ਉਦਾਸ ਲੂਮਿਆਂ ਨੂੰ ਫੜਨ ਖ਼ਾਤਿਰ ;
ਉਮਰ ਸਾਰੀ
ਚੜ੍ਹੀ ਰਹੀ ਏ ! 'ਸ਼ਿਵ'



Sri Satguru Jagjit Singh Ji eLibrary NamdhariElibrary@gmail.com

# ਮਹਾਨ ਸਮਕਾਲੀ ਕਵੀ ਸ਼ਿਵ ਕੁਮਾਰ ਬਟਾਲਵੀ

ਗੁਰਚਰਨ ਸਿੰਘ 'ਲੋਟੇ' ਬਰਮਿੰਘਮ



ਮਾਣ ਬੈਂਤ ਦਾ ਉਹ ਸ਼ਾਨ ਛੰਦ ਦੀ ਉਹ, ਸਚਾ ਮਾਤ ਪੰਜਾਬੀ ਦਾ ਕਵੀ ਸੀ ਸ਼ਿਵ।
ਹਰਿਕ ਸ਼ਿਅਰ ਅੰਦਰ ਸ਼ਿਵ ਦੀ ਰੂਹ ਤੜਫੇ, ਚੰਦਰਮਾ ਦਾ ਅਕਸ ਇੱਕ ਰਵੀ ਸੀ ਸ਼ਿਵ।
ਨਾਮ ਮਹਾਂ ਕਿਦਾਰ ਦੀ ਦੇਣ ਸ਼ਿਵ ਜੀ, ਸ਼ਿਵ-ਸ਼ੈਲੀ ਦੀ ਸੂਖ਼ਮ ਜਹੀ ਛਵੀ ਸੀ ਸ਼ਿਵ।
ਪੈਂਤੀ-ਅੱਖਰੀ ਰਚਨੀ ਸੀ ਸ਼ਿਵ ਉੱਤੇ, 'ਠਾਰਾਂ-ਅੱਖਰੀ ਜਿਸਦਾ ਅਕਾਰ ਹੋਇਆ।
ਰੌਸ਼ਨ ਸਾਰੇ ਜਹਾਨ ਵਿੱਚ ਨਾਮ ਜਿਸਦਾ, ਉਹ ਪੰਜਾਬ ਦਾ ਕਵੀ ਸ਼ਿਵ ਕੁਮਾਰ ਹੋਇਆ।
ਸਰਬ ਪਿੰਗਲਾਂ ਦਾ ਪਹਿਰੇਦਾਰ ਸੀ ਸ਼ਿਵ, ਪਿੰਗਲ ਰਿਸ਼ੀ ਪੰਜਾਬ ਵਿੱਚ ਜੰਮਿਆ ਹੈ।
ਮਾਨ ਉਸਦਾ ਸਾਰੇ ਸੰਸਾਰ ਵਿੱਚ ਹੈ, ਉਸਨੇ ਕਵੀ ਦੇ ਜਗਤ ਨੂੰ ਥੰਮਿਆ ਹੈ।
ਕਾਵਿ ਓਸਦਾ ਹੈ ਅਤੀ ਕਹਿਰ ਭਰਿਆ, ਹਰ ਥਾਂ ਧੁੰਮਿਆਂ ਹੈ ਅਤੇ ਧੰਮਿਆਂ ਹੈ।
ਲੀਨ ਰਿਹਾ ਉਹ ਛੰਦ ਦੇ ਜਗਤ ਅੰਦਰ, ਇਸੇ ਜੁਗਤ ਸੰਗ ਜਗਤ ਭ੍ਰੰਮਿਆਂ ਹੈ।
ਮਧ ਪੂਰਬੋਂ ਵਲੈਤ ਅੰਦਰ, ਇੱਥੇ ਗੀਤਾਂ ਦਾ ਨਵਾਂ ਫਨਕਾਰ ਹੋਇਆ।
ਰੌਸ਼ਨ ਸਾਰੇ ਸੰਸਾਰ ਵਿੱਚ ਨਾਮ ਜਿਸਦਾ, ਉਹ ਪੰਜਾਬ ਦਾ ਕਵੀ ਸ਼ਿਵ ਕੁਮਾਰ ਹੋਇਆ।
ਕਵੀ ਹੋਏ ਨੇ ਬਹੁਤ ਜਹਾਨ ਅੰਦਰ, ਸ਼ਿਵ ਕੁਮਾਰ ਦੀ ਗੱਲ ਪਰ ਵੱਖਰੀ ਹੈ।
ਵੀਰੋ ਵੱਖ ਵਿਚਾਰ ਨੇ ਪਾਠਕਾਂ ਦੇ, ਇਹਨਾਂ ਵੱਖਾਂ ਦੀ ਗੱਲ ਵੀ ਸੱਖਰੀ ਹੈ।
ਸ਼ਿਵ ਕੁਮਾਰ ਸੀ ਕਵੀ ਪੰਜਾਬੀਆਂ ਦਾ, ਉਸਦੀ ਗੱਲ ਹਰੇਕ ਤਾਂ ਅੱਥਰੀ ਹੈ।
ਵਰਣਨ ਕਵੀ ਦਾ ਕੀਤਾ ਹੈ ਦਾਸ 'ਲੋਟੇ', ਪੜ੍ਹਨੀ ਆਪ ਮੇਰੀ ਪੈਂਤੀ ਅੱਖਰੀ ਹੈ।
ਸ਼ਿਵ ਦਾ ਹਰ ਇੱਕ ਸ਼ਬਦ ਲਲਕਾਰ ਬਣਿਆ, ਉਸਦਾ ਹਰ ਇੱਕ ਗੀਤ ਸ਼ਾਹਕਾਰ ਹੋਇਆ।
ਰੌਸ਼ਨ ਸਾਰੇ ਜਹਾਨ ਵਿੱਚ ਨਾਮ ਜਿਸਦਾ, ਉਹ ਪੰਜਾਬ ਦਾ ਕਵੀ ਸ਼ਿਵ ਕੁਮਾਰ ਹੋਇਆ।
ਕੁਦਰਤ ਕਵੀ ਦੇ ਵਿੱਚ ਨਹੀਂ ਭੇਤ ਕੋਈ, ਕੁਦਰਤ ਕਵੀ ਦੀ ਸਾਂਝ ਬੁਨਿਆਦ ਸਾਡੀ।
ਮਾਰੋ-ਮਾਰ ਜਹਾਨ ਵਿੱਚ ਮਚੀ ਹੋਈ ਹੈ, ਕੁਦਰਤ ਰੱਖਦੀ ਦੁਨੀਆ ਆਬਾਦ ਸਾਡੀ।
ਰਸ਼ਕ ਸ਼ਿਵ ਕੁਮਾਰ ਤੇ ਆਮਦਾ ਹੈ, ਉਸਦੇ ਹਰ ਇੱਕ ਗੀਤ ਨੂੰ ਦਾਦ ਸਾਡੀ।
ਦੁਨੀਆ ਦੇਖਦੀ ਹੈ ਰਾਗੀ ਗਾਂਵਦੇ ਹਨ, ਗਦ-ਗਦ ਸ਼ਿਵ ਤੋਂ ਸਾਰਾ ਸੰਸਾਰ ਹੋਇਆ।
ਰੌਸ਼ਨ ਸਾਰੇ ਜਹਾਨ ਵਿੱਚ ਨਾਮ ਜਿਸਦਾ, ਉਹ ਪੰਜਾਬ ਦਾ ਕਵੀ ਸ਼ਿਵ ਕੁਮਾਰ ਹੋਇਆ।
ਬਰਗ ਪੱਤ ਹੁੰਦੇ, ਫੁੱਲ ਛੰਦ ਹੁੰਦੇ, ਇਨ੍ਹਾਂ ਛੰਦਾਂ ਦਾ ਘਾੜਾ ਕਮਾਲ ਸੀ ਸ਼ਿਵ।
ਟਾਹਣੀ-ਟਾਹਣੀ ਉੱਤੇ ਪੰਛੀ ਚਹਿਕਦੇ ਨੇ, ਇਸ ਚਹਿਕਣ ਤੋਂ ਸਦਾ ਨਿਹਾਲ ਸੀ ਸ਼ਿਵ।
ਲਟਕ ਛੰਦ ਦੀ ਤੇ ਭਟਕਣ ਜਿਸਮ ਵਾਲੀ, ਪੱਕੇ ਰਾਗ ਵਿੱਚ ਵਡਾ ਖ਼ਿਆਲ ਸੀ ਸ਼ਿਵ।
ਵੀਨਾ ਵਰਮਾ ਦੀ ਕਥਾ ਵਿੱਚ ਜੋਤ ਜਾਗੀ, ਜਿਸਦੀ ਗਲਪ ਦਾ ਪਾਤਰ ਵਿਸ਼ਾਲ ਸੀ ਸ਼ਿਵ।
'ਲੋਟੇ' ਸ਼ਿਵ ਦੀ ਸੰਥਿਆ ਬਹੁਤ ਡੂੰਘੀ, ਜੁਗਾਂ-ਜੁਗਾਂ ਵਿੱਚ ਸ਼ਿਵ ਅਵਤਾਰ ਹੋਇਆ।
ਰੌਸ਼ਨ ਸਾਰੇ ਜਹਾਨ ਵਿੱਚ ਨਾਮ ਜਿਸਦਾ, ਉਹ ਪੰਜਾਬ ਦਾ ਕਵੀ ਸ਼ਿਵ ਕੁਮਾਰ ਹੋਇਆ।

**ਨੋਟ** : ਪਾਠਕ ਜੀ ਸ਼ਿਵ ਕੁਮਾਰ ਦੀ ਬਰਸੀ ਉੱਤੇ ਦਾਸ ਦੀ ਇਸ ਕਵਿਤਾ ਦਾ ਪਹਿਲਾ ਅੱਖਰ ਆਪ ਜੀ ਨੂੰ ਸੁਚੇਤ ਕਰਦਾ ਹੈ ਕਿ **"ਮਹਾਨ ਸਮਕਾਲੀ ਕਵੀ ਸ਼ਿਵ ਕੁਮਾਰ ਬਟਾਲਵੀ"** ਦੇ ਹਰ ਇੱਕ ਅੱਖਰ ਨੂੰ ਕਾਵਿ ਰੂਪ ਵਿੱਚ ਉਜਾਗਰ ਕੀਤਾ ਹੈ।



Sri Satguru Jagjit Singh Ji eLibrary NamdhariElibrary@gmail.com

# ਵਸੀਅਤ-ਨਾਮਾ !



ਬਿਆਨ ਹਲਫ਼ੀਆ, ਜੱਗ ਨੂੰ ਮੇਰੀ ਵਸੀਅਤ ਹੈ।
ਦਿਲੇ ਦੀ ਦਾਸਤਾਂ, ਹਾਜ਼ਰ ਸਹੀ ਹਕੀਕਤ ਹੈ।

ਮੈਂ ਬੰਦਗੀ ਦੇ ਬਿਆਬਾਨ ਵਿੱਚ ਗੁਆਚ ਗਿਆਂ,
ਕੁਝ ਪਲਾਂ ਦੀ ਹੈ ਮੁਹਲਤ, ਬੜੀ ਗ਼ਨੀਮਤ ਹੈ।

ਕਮਾਲ ਇਹ ਕਿ ਸੱਚ ਦਾ ਕਦੀਮੀ ਮੁਤਲਾਸ਼ੀ,
ਕੁਫ਼ਰ ਨੂੰ ਫ਼ਾਸ਼ ਕਰਾਂ ਮੁਢ ਤੋਂ ਮੇਰੀ ਆਦਤ ਹੈ।

ਸਾਲ ਸੱਤਰਾਂ ਚੰਦ ਲਫ਼ਜ਼ ਮੈਂ ਕਮਾਏ ਹਨ,
ਦਰਦ-ਦੁਨੀਆਂ ਦਾ, ਦਲੀਲ ਮੇਰੀ ਦੌਲਤ ਹੈ।

ਇਹ (ਜਜ਼ੀਰਾ) ਦੀਪ ਜੱਨਤ ਵੀ ਹੈ ਜਹੰਨਮ ਵੀ,
ਜ਼ੱਰਾ ਜ਼ੱਰਾ ਸ਼ੈਤਾਨ ਦੀ ਸ਼ਰਾਰਤ ਹੈ।

ਕਿੱਥੋਂ ਇਨਸਾਨੀਅਤ ਨੂੰ ਲੱਭਾਂ ਮੈਂ?
ਚੌਗਿਰਦੇ ਹੈਵਾਨੀਅਤ ਦੀ ਬਰਕਤ ਹੈ।

ਮਸ਼ੀਨੀ ਦੌਰ ਹੈ, ਮੰਤਕ ਦੀ ਕੌਣ ਸੁਣਦਾ ਹੈ?
ਅਸੀਂ ਤਾਂ ਪੁਰਜ਼ੇ ਹਾਂ, ਪੌਂਡ ਸਾਡੀ ਉਜਰਤ ਹੈ।

ਜ਼ਮੀਰ ਡਿਕਸ਼ਨਰੀ ਵਿੱਚ ਮੌਜੂਦ ਹੈ ਤੁਹਫ਼ਾ,
ਇਹ ਲੱਗੀ ਸੇਲ ਤੇ ਪੱਛਮ 'ਚ ਇਹਦੀ ਕਸਰਤ ਹੈ।

ਅਸੂਲ ਗਹਿਣਾ ਨੇ ਬੇ-ਅਸੂਲ ਲੀਡਰ ਦਾ,
ਨਫ਼ੀ ਦੇ ਤੁੱਲ ਅੱਜ ਇਖ਼ਲਾਕ ਵਾਲੀ ਕੀਮਤ ਹੈ।

ਮੇਰਾ ਰੱਬ ਤਾਂ ਸਦੀਆਂ ਤੋਂ ਘੂਕ ਸੁੱਤਾ ਹੈ,
ਜਹਾਂ 'ਚ ਬੁਗ਼ਜ਼ ਹੈ, ਮੁਨਾਫ਼ਕਤ, ਜਹਾਲਤ ਹੈ।

ਕਿੰਨਾ ਬੇ-ਅਣਖ ਹੈ ਦੌਰ, ਸ਼ਰਮ-ਸਾਰ ਹਾਂ ਮੈਂ,
ਲਗਾ ਕੇ ਖੰਭ ਉੜੀ ਜਹਾਨੋਂ ਸਾਰੀ ਗ਼ੈਰਤ ਹੈ।

ਮੇਰਾ ਅਕੀਦਾ ਹੈ ਪੱਥਰ ਵੀ ਮੋਮ ਹੋ ਜਾਊ,
ਕਿ ਤੇਰੇ ਦਰ ਤੋਂ ਮਿਲੀ ਜਦ ਕਦੇ ਵੀ ਰਹਿਮਤ ਹੈ।

*ਸੁਰਜਨ ਸਿੰਘ*



Sri Satguru Jagjit Singh Ji eLibrary NamdhariElibrary@gmail

# ਫਾਂਸੀ



ਮੇਰੇ ਪਿੰਡ ਦੇ ਕਿਸੇ ਰੁੱਖ ਨੂੰ
ਮੈਂ ਸੁਣਿਆ ਜੇਲ੍ਹ ਹੋ ਗਈ ਹੈ।
ਉਹਦੇ ਕਈ ਦੋਸ਼ ਸਨ :
ਉਹਦੇ ਪੱਤ ਸਾਵਿਆਂ ਦੀ ਥਾਂ
ਹਮੇਸ਼ ਲਾਲ ਉਗਦੇ ਸਨ
ਬਿਨਾਂ ਵਾ ਦੇ ਵੀ ਉਡਦੇ ਸਨ।

ਉਹ ਪਿੰਡ ਤੋਂ ਬਾਹਰ ਨਹੀਂ
ਪਿੰਡ ਦੇ ਸਗੋਂ ਉਹ ਖ਼ੂਹ 'ਚ ਉਗਿਆ ਸੀ
ਤੇ ਜਦ ਵੀ ਝੂਮਦਾ ਤਾਂ ਉਹ ਸਦਾ ਛਾਵਾਂ
ਹਿਲਾਂਦਾ ਸੀ
ਤੇ ਧੁੱਪਾਂ ਨੂੰ ਡਰਾਂਦਾ ਸੀ
ਤੇ ਰਾਹੀਆਂ ਨੂੰ ਤੁਰੇ ਜਾਂਦੇ ਉਹ
ਧੁੱਪਾਂ ਤੋਂ ਬਚਾਂਦਾ ਸੀ
ਤੇ ਪਾਣੀ ਭਰਦੀਆਂ ਕੁੜੀਆਂ ਨੂੰ
ਧੀ ਕਹਿ ਕੇ ਬੁਲਾਂਦਾ ਸੀ।

ਤੇ ਇਹ ਵੀ ਸੁਣਨ ਵਿੱਚ ਆਇਐ
ਕਿ ਉਸਦੇ ਪੈਰ ਵੀ ਕਈ ਸਨ
ਤੇ ਉਹ ਰਾਤਾਂ ਨੂੰ ਤੁਰਦਾ ਸੀ
ਤੇ ਪਿੰਡ ਦੇ ਸਾਰਿਆਂ ਰੁੱਖਾਂ ਨੂੰ ਮਿਲਕੇ
ਰੋਜ਼ ਮੁੜਦਾ ਸੀ।

ਤੇ ਅਧਰੈਣੀ ਹਵਾ ਦੀ ਗੱਲ ਕਰ ਕੇ
ਰੋਜ਼ ਝੂਰਦਾ ਸੀ
ਭਲਾ ਯਾਰੋ ਅਜਬ ਗੱਲ ਹੈ
ਮੈਂ ਸਾਰੀ ਉਮਰ ਸਭ ਰੁੱਖਾਂ ਦੀਆਂ
ਸ਼ਾਖਾਂ ਤਾਂ ਤਕੀਆਂ ਸਨ

ਕੀ ਰੁੱਖਾਂ ਦੇ ਵੀ ਮੇਰੇ ਦੋਸਤੋ
ਕਿਤੇ ਪੈਰ ਹੁੰਦੇ ਨੇ ?
ਤੇ ਅੱਜ ਅਖ਼ਬਾਰ ਵਿੱਚ ਪੜ੍ਹਿਐ
ਕਿ ਉਹ ਹਥਿਆਰਬੰਦ ਰੁੱਖ ਸੀ
ਉਹਦੇ ਪੱਲੇ ਬੰਦੂਕਾਂ, ਬੰਬ ਤੇ ਲੱਖਾਂ ਸੰਗੀਨਾਂ ਸੀ।

ਮੈਂ ਰੁੱਖਾਂ ਕੋਲ ਸਦਾ ਰਹਿੰਦਿਆਂ
ਛਾਂਵਾਂ ਤਾਂ ਸੁਣੀਆਂ ਸਨ
ਪਰ ਬੰਬਾਂ ਦੀ ਅਜਬ ਗੱਲ ਹੈ
ਤੇ ਇਹ ਝੂਠੀ ਖ਼ਬਰ ਪੜ੍ਹ ਕੇ
ਮੈਨੂੰ ਇਤਬਾਰ ਨਹੀਂ ਆਉਂਦਾ
ਕਿ ਉਸਨੇ ਪਿੰਡ ਦੇ
ਇੱਕ ਹੋਰ ਰੁੱਖ ਨੂੰ ਮਾਰ ਦਿਤਾ ਹੈ

ਜਿਹੜਾ ਪਿੰਡ ਦੇ ਸ਼ਾਹਵਾਂ ਦੇ ਘਰ
ਵਿਹੜੇ 'ਚ ਉਗਿਆ ਸੀ
ਜਿਸ ਤੋਂ ਰੋਜ਼ ਕੋਈ ਕਾਗ
ਚੁਗਲੀ ਕਰਨ ਉਡਿਆ ਸੀ।

ਤੇ ਅੱਜ ਕਿਸੇ ਯਾਰ ਨੇ ਦੱਸਿਐ
ਜੋ ਮੇਰੇ ਪਿੰਡ ਦੇ ਰੁੱਖ ਨੂੰ
ਫਾਂਸੀ ਵੀ ਹੋ ਰਹੀ ਹੈ।
ਉਹਦਾ ਪਿਉ ਕਿਕਰਾਂ ਵਰਗਾ
ਤੇ ਮਾਂ ਬੇਰੀ ਜਿਹੀ ਹੋ ਰਹੀ ਹੈ।

# ਲੁੱਚੀ ਧਰਤੀ



ਅੰਬਰ ਦਾ ਜਦ ਕੰਬਲ ਲੈ ਕੇ
ਧਰਤੀ ਕੱਲ ਸੀ ਸੁੱਤੀ
ਮੈਨੂੰ ਧਰਤੀ ਲੁੱਚੀ ਜਾਪੀ
ਮੈਨੂੰ ਜਾਪੀ ਕੁੱਤੀ
ਸਦਾ ਹੀ ਰਾਜ-ਘਰਾਂ ਸੰਗ ਸੁੱਤੀ
ਰਾਜ-ਘਰਾਂ ਸੰਗ ਉੱਠੀ
ਝੁਗੀਆਂ ਦੇ ਸੰਗ ਜਦ ਵੀ ਬੋਲੀ
ਬੋਲੀ ਸਦਾ ਹੀ ਰੁੱਖੀ
ਇਹ ਗੱਲ ਵੱਖਰੀ ਹੈ ਕਿ ਉਹਨਾਂ
ਅੱਖੀਆਂ ਉੱਪਰ ਚੁੱਕੀ
ਉਹ ਧਰਤੀ ਹੈ 'ਮਾਂ' ਕਹਿੰਦੇ ਹਨ
ਭਾਵੇਂ ਇਹ ਕੁਪੱਤੀ
ਉਹਨਾਂ ਇਹਨੂੰ ਲਾਡ ਲਡਾਇਆ
ਪਰ ਇਹ ਰੁੱਸੀ ਰੁੱਸੀ
ਕਈ ਵਾਰੀ ਇਹਦੀ ਇਜ਼ਤ ਰਲ ਕੇ
ਸੌ ਸਿਕੰਦਰਾਂ ਲੁੱਟੀ
ਇਹਨੇ ਰਾਜ-ਘਰਾਂ 'ਚੋਂ ਆ ਕੇ
ਫਿਰ ਵੀ ਬਾਤ ਨਾ ਪੁੱਛੀ
ਅੱਜ ਤੋਂ ਮੈਂ ਇਹਨੂੰ ਲੁੱਚੀ ਕਹਿੰਦਾ
ਅੱਜ ਤੋਂ ਮੈਂ ਇਹਨੂੰ ਕੁੱਤੀ
ਕੱਲ ਤਕ ਜੇਹੜੀ ਮਾਂ ਵਾਂਕਣ ਮੈਂ
ਅੱਖੀਆਂ ਤੇ ਸੀ ਚੁੱਕੀ।



Sri Satguru Jagjit Singh Ji eLibrary NamdhariElibrary@gmail.com

# 'ਵਿਸ਼ਵ ਵੇਦਨਾ ਸ਼ਿਵ'





ਡਾ: ਚ.ਸ ਚੰਨ

ਸ਼ਿਵ ਇੱਕ ਪੰਛੀ ਵਾਕੁਰ ਸੀ। ਗਾਉਂਦਾ-ਗਾਉਂਦਾ ਸੌਂ ਜਾਂਦਾ ਸੀ। ਗਾਉਂਦਾ-ਗਾਉਂਦਾ ਉੱਠ ਖੜੋਂਦਾ ਸੀ ਜਾਂ ਉੱਠ ਬਹਿੰਦਾ ਸੀ। ਸ਼ਾਇਦ 'ਗਾਉਣ' ਦੀ ਥਾਂ 'ਪੀਣ' ਕਹਿਣਾ ਉੱਚਿਤ ਹੋਵੇਗਾ। ਪੀਂਦਾ-ਪੀਂਦਾ ਸੌਂ ਜਾਂਦਾ ਸੀ—ਤੜਕਸਾਰ ਪੀਂਦਾ-ਪੀਂਦਾ ਉੱਠ ਖੜੋਂਦਾ ਸੀ। ਇਹ ਗੱਲ ੧੯੬੦ ਦੀ ਹੈ। ਤਰਲੋਚਨ ਸਿੰਘ ਭਾਟੀਆ ਅਤੇ ਗੁਰਦਿਆਲ ਸਿੰਘ ਲਾਲੀ ਨਾਲ ਜਲੰਧਰ, ਬਟਾਲੇ ਅਤੇ ਗੁਰਾਇਆਂ ਵਿਖੇ ਕਈ ਸ਼ਾਮਾਂ ਇਹਨਾਂ ਰੰਗੀਨ ਜਸ਼ਨਾਂ ਵਿੱਚ ਰੰਗੀਆਂ ਗਈਆਂ ਸਨ। "ਪੀੜਾਂ ਦਾ ਪਰਾਗਾ" ਲਿਖਣ ਤੋਂ ਛੇਤੀ ਬਾਅਦ ਪਾਲਦੀ ਵਿਖੇ ਲੋਕ ਮੇਲਾ ਹੋਇਆ। ਮੈਂ ਉੱਥੇ ਪੜ੍ਹਾਉਂਦਾ ਸਾਂ। ਸ਼ਿਵ ਮੇਰੇ ਕੋਲ ਠਹਿਰਿਆ ਸੀ। ਮੈਂ ਆਪਣੀ ਵਿੱਤ ਮੂਜਬ ਸੇਵਾ ਕੀਤੀ : 'ਜੱਟ-ਸਕੌਚ' ਨਾਲ। ਦਸ ਪੰਦਰਾਂ ਸਾਲ ਪਿੱਛੋਂ ਸ਼ਿਵ ਇੰਗਲੈਂਡ ਆਇਆ। ਇੱਥੇ ਉਸਦੀ ਸੇਵਾ ਅਸਲ ਸਕੌਚ ਨਾਲ ਕੀਤੀ। ਇਸੇ ਨਾਮੁਰਾਦ 'ਸਕੌਚ' ਨੇ ਸ਼ਿਵ ਸਾਥੋਂ ਖੋਹ ਲਿਆ। ਉਂਝ ਤਾਂ ਸ਼ਿਵ ਦਾ ਐਲਾਨ ਵੀ ਸੀ—

*"ਅਸਾਂ ਤਾਂ ਜੋਬਨ ਰੁੱਤੇ ਮਰਨਾ*
*ਤੁਰ ਜਾਣਾ ਅਸਾਂ ਭਰੇ ਭਰਾਏ*
*ਹਿਜਰ ਤੇਰੇ ਦੀ ਕਰ ਪ੍ਰਕਰਮਾਂ।"*

ਜਿਸ ਐਲਾਨ-ਨਾਮੇ ਦੀ ਤਸਦੀਕ ਅਸੀਂ ਇੰਗਲੈਂਡ ਵਾਸੀਆਂ ਕੀਤੀ—ਕੁਝ ਮਿਲਾ ਕੇ, ਕੁਝ ਫੁਸਲਾ ਕੇ, ਕੁਝ ਝੂਠੇ ਦਿਲਾਸੇ ਦਿਲਾ ਕੇ, ਆਦਿ ਕੁਕਰਮਾਂ ਦੁਆਰਾ—ਅਸੀਂ ਸ਼ਿਵ ਦੇ ਕਾਤਿਲ ਹਾਂ, ਮੁਜ਼ਰਿਮ ਹਾਂ, ਅਪਰਾਧੀ ਹਾਂ, ਗੁਨਹਿਗਾਰ ਹਾਂ..... ਅਸੀਂ ਸ਼ਿਵ ਦੀ ਸ਼ਰਾਬ ਲਈ ਤਾਂ ਖੁਲ੍ਹ ਖੇਲੇ ਪਰੰਤੂ ਸ਼ਿਵ ਦੇ ਇਲਾਜ ਲਈ ਚੁੱਪ ਰਹੇ—ਸ਼ਾਬਾਸ਼!

ਸ਼ਿਵ ਬਹੁਤ ਲੇਟ ਸੌਂਦਾ ਸੀ। ਪਤਾ ਨਹੀਂ ਸੌਂਦਾ ਸੀ ਵੀ ਜਾਂ ਨਹੀਂ। ਪਰੰਤੂ ਤੜਕਸਾਰ ਉੱਠਦਾ ਜ਼ਰੂਰ ਸੀ। ਉੱਠ ਕੇ ਕੋਰੇ ਕਾਗਜ਼ ਉੱਤੇ ਸਭ ਤੋਂ ਪਹਿਲਾਂ ੧ਓ ਜ਼ਰੂਰ ਲਿਖਦਾ ਸੀ—ਫੇਰ ਸ਼ਾਇਦ ਕੋਈ ਕਵਿਤਾ ਆਦਿ ਲਿਖਦੈ। ਅਜੇਹੇ ਕਈ ਕਾਗਜ਼ ਮੇਰੇ ਪਾਸ ਸੁਰੱਖਿਅਤ ਹਨ ਭਾਵੇਂ ਉਹ ਪੂਰੀ ਫਾਇਲ ਕੁਲਦੀਪ ਤੱਖਰ ਹੁਣ ਅਮਰੀਕਾ ਲੈ ਗਿਆ ਹੈ। ਕੁਲਦੀਪ ਦੀ ਧਰਮ ਪਤਨੀ ਬਲਵਿੰਦਰ ਨੇ ਤਾਂ ਸ਼ਿਵ ਬਾਰੇ ਇੱਕ ਗਹਿਰ ਗੰਭੀਰ ਲੇਖ ਵੀ ਲਿਖਿਆ ਸੀ :

*"ਕੌਲਾਂ ਦਾ ਕੱਚਾ ਸ਼ਿਵ"*

ਤੁਸੀਂ ਹੈਰਾਨ ਹੋਵੋਗੇ ਕਿ ਸ਼ਿਵ ਨੂੰ ਸਾਹਿਤ, ਸੰਗੀਤ, ਇਸ਼ਕ, ਸੂਫ਼ੀਮਤਿ, ਗੁਰਮਤਿ, ਵੇਦਾਂਤ, ਕਾਮ-ਸ਼ਾਸਤਰ ਅਤੇ ਬ੍ਰਹਿਮੰਡਕ ਗਤੀਆਂ ਵਿਧੀਆਂ ਵਿੱਚ ਅਕਹਿ ਦਿਲਚਸਪੀ ਸੀ ਪਰੰਤੂ ਮੈਂ ਤਾਂ ਉਸਨੂੰ ਸਪੋਰਟਸ ਵਿੱਚ ਵੀ ਅਕਹਿ ਦਿਲਚਸਪੀ ਲੈਂਦਿਆਂ ਵੇਖਿਆ। ਮੈਂ ਫੁੱਲ-ਸਾਈਜ਼ 'ਕੀਨੋ' ਅਥਲੀਟ ਬਣਾਇਆ ਸੀ ਜੋ ਸ਼ਿਵ ਨੂੰ ਬਹੁਤ ਪਸੰਦ ਆਇਆ ਅਤੇ ਮੈਂ ਇਹ ਉਸਨੂੰ ਭੇਟ ਕੀਤਾ। 'ਕੀਨੋ' ਅਥਲੀਟ ਦਾ ਆਸ਼ਿਕ ਸ਼ਿਵ ਤਾਂ ਇੱਕ ਬਹੁ-ਪੱਖੀ ਸ਼ਖ਼ਸ਼ੀਅਤ ਦਾ ਮਾਲਿਕ ਸੀ—ਜੋ 'ਜੋਬਨ ਰੁੱਤੇ' ਹੀ ਤੁਰ ਗਿਆ।



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com



Mrs. Kailash Puri inaugurating the 'Kavi Darbar', which was held in honour of Shiv Kumar Batalvi on 19th May 1972 in Coventry U.K. Shiv is sitting on her right.

# ਪੰਜਾਬ ਦੀ ਹੂਕ ਇੰਗਲੈਂਡ ਵਿਚ

ਗੁਰੂ ਨਾਨਕ ਤੋਂ ਬਾਅਦ ਪੰਜਾਬ ਦੀ ਧਰਤੀ ਉੱਤੇ ਜੇ ਕਿਸੇ ਨੇ ਔਰਤ ਦੇ ਦਰਦ ਨੂੰ ਪਹਿਚਾਣਦਿਆਂ ਉਹਦੇ ਹੱਕ ਵਿੱਚ ਕੋਈ ਹੂਕ ਮਾਰੀ ਹੈ ਤਾਂ ਨਿਰਸੰਦੇਹ ਉਹ ਸ਼ਿਵ ਕੁਮਾਰ ਬਟਾਲਵੀ ਹੈ।

ਫ਼ਕੀਰ ਬੁੱਲੇ ਸ਼ਾਹ ਬਾਅਦ ਪੰਜਾਬੀ ਜ਼ਬਾਨ ਨੂੰ ਜੇ ਕਿਸੇ ਨੇ ਸੂਫ਼ੀ ਰੰਗ ਦਿੱਤਾ ਹੈ ਤਾਂ ਉਹ ਅੱਜ ਦਾ ਸ਼ਿਵ ਬਟਾਲਵੀ ਹੈ।

ਕਾਲਜਾਂ ਦੀਆਂ ਕੁੜੀਆਂ ਸ਼ਿਵ ਕੁਮਾਰ ਦੀਆਂ ਲਾਟਰੀਆਂ ਪਾਉਂਦੀਆਂ ਹਨ ਕਿ ਉਹ ਕਿਹਦੀ ਕਿਸਮਤ 'ਚ ਨਿਕਲਦਾ ਹੈ ਅਤੇ ਪੰਜਾਬ ਦੀ ਹਰ ਪੜ੍ਹੀ ਲਿਖੀ ਨਾਰੀ ਦੇ ਸਰਹਾਣੇ 'ਸ਼ਿਵ ਦੀ ਲੂਣਾ' ਨਿਕਲੇਗੀ।

ਪੰਜਾਬ ਸਰਕਾਰ ਨੂੰ ਇਹ ਸੁਝਾਓ ਦਿੱਤੇ ਗਏ ਹਨ ਕਿ ਬਟਾਲੇ ਦਾ ਨਾਂ ਬਦਲ ਕੇ 'ਸ਼ਿਵ' ਰੱਖਿਆ ਜਾਵੇ।

ਸ਼ਿਵ ਬਟਾਲਵੀ ੧੯ ਮਈ ੧੯੭੨ ਨੂੰ ਕੁਝ ਕੁ ਹਫ਼ਤਿਆਂ ਲਈ ਇੰਗਲੈਂਡ ਆਏ ਹਨ ਅਤੇ ਆਪ ਦਾ ਭਾਰਤ ਤੋਂ ਬਾਹਰ ਪਹਿਲਾ ਬਦੇਸ਼ੀ ਸਫ਼ਰ ਹੈ।

"ਭਾਰਤੀ ਨਾਰੀ ਦੀ ਪੀੜਾ ਦੀ 'ਅੰਬਰਾਂ ਜਿੱਡੀ ਹੂਕ' ਮਾਰਨ ਵਾਲਾ
ਸ਼ਿਵ ਕੁਮਾਰ ਬਟਾਲਵੀ ਕਵੈਂਟਰੀ ਕਵੀ ਦਰਬਾਰ ਵਿੱਚ (ਉਪਰ)"



Sri Satguru Jagjit Singh Ji eLibrary NamdhariElibrary@



11 ਜੂਨ 72 (ਐਤਵਾਰ) ਨੂੰ ਗਿ. ਦਰਸ਼ਨ ਸਿੰਘ ਅਤੇ ਕੌਂਸਲਰ ਸਰਦੂਲ ਸਿੰਘ ਗਿੱਲ ਗਰੁਪ ਨੇ ਪੰਜਾਬੀ ਦੇ ਪ੍ਰਸਿਧ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੂੰ ਡੁਮੀਨੀਅਨ ਸਿਨਮੇ ਦੇ ਬਾਲਰੂਮ ਵਿੱਚ ਇੱਕ ਪਾਰਟੀ ਦਿੱਤੀ ਦਵੇਂ ਤਸਵੀਰਾਂ ਪਾਰਟੀ ਦੇ ਸੀਨਾਂ ਦੀਆਂ ਹਨ।

ਕੁਝ ਸ਼ਿਵ ਦੀ ਸ਼ਾਇਰੀ ਦੀ ਮਧਹੋਸ਼ੀ ਨਾਲ, ਕੁਝ ਲਾਲਪੁਰੀ ਦੇ ਸਰੂਰ ਵਿੱਚ ਗਿ. ਦਰਸ਼ਨ ਸਿੰਘ ਹੋਰੀਂ ਆਪਣੇ ਆਪ ਦਾ ਕੰਟਰੋਲ ਗੁਆ ਬੈਠੇ ਅਤੇ ਮਹਿਫ਼ਲ ਇਸ ਤਰ੍ਹਾਂ ਚੂਰ-ਚੂਰ ਹੋ ਗਈ ਜਿਵੇਂ ਚੀਨੀ ਦੇ ਬਰਤਨਾਂ ਦੀ ਦੁਕਾਨ ਵਿੱਚ ਮਸਤਿਆ ਹਾਥੀ ਜਾ ਵੜੇ।

Photo - Tarsem Purewal



ਸਾਥੀ ਲੁਧਿਆਣਵੀ, ਸ਼ਿਵ ਕੁਮਾਰ ਬਟਾਲਵੀ ਲਗਾਤਾਰ ਹੋ ਰਹੇ ਕਵੀ ਦਰਬਾਰਾਂ ਦੀ ਭੱਜ ਨੱਠ 'ਚੋਂ ਪੈਦਾ ਹੋਈ ਬੇ-ਆਰਾਮੀ ਵਿੱਚ ਦੋ ਘੜੀ ਸੁਸਤਾ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

# ਬੁੱਢਾ-ਘਰ

**ਸ਼ਿਵ ਕੁਮਾਰ ਬਟਾਲਵੀ**



ਪਿਆਰੇ ਪੁਰੇਵਾਲ,
ਕਵਿਤਾ ਹਾਜ਼ਿਰ ਹੈ।
ਤੇਰਾ ਪਿਆਰ ਨਾਲ....
*ਸ਼ਿਵ ਕੁਮਾਰ*

ਹੈ ਚਿਰ ਹੋਇਆ
ਮੇਰਾ ਆਪਾ ਤੇ ਸੰਗ ਰੁੱਸ ਕੇ
ਕਿਤੇ ਤੁਰ ਗਿਆ ਹੈ
ਤੇ ਮੇਰੇ ਕੋਲ ਮੇਰਾ
ਸਖੱਣਾ ਕਲਬੂਤ ਬਾਕੀ ਹੈ
ਤੇ ਮੇਰੇ ਘਰ ਦੀ ਹਰ ਦੀਵਾਰ ਤੇ
ਛਾਈ ਉਦਾਸੀ ਹੈ
ਹੈ ਚਿਰ ਹੋਇਆ
ਮੇਰਾ ਆਪਾ ਮੇਰੇ ਸੰਗ ਰੁੱਸ ਕੇ
ਕਿਤੇ ਤੁਰ ਗਿਆ ਹੈ
ਤੇ ਮੇਰਾ ਘਰ ਉਹਦੇ ਤੁਰ ਜਾਣ ਪਿਛੋਂ
ਝੁਰ ਰਿਹਾ ਹੈ

ਉਹ ਅਕਸਰ ਬਹੁਤ ਡੂੰਘੀ ਰਾਤ ਗਈ ਹੀ
ਘਰ ਪਰਤਦਾ ਸੀ
ਤੇ ਸੂਰਜ ਹੁੰਦਿਆਂ ਉਹ
ਘਰ ਦਿਆਂ ਭਿੱਤਾਂ ਤੋਂ ਡਰਦਾ ਸੀ
ਉਹ ਕਿਹੜੇ ਹਿਰਨ ਲੰਙੇ ਕਰ ਰਿਹਾ ਸੀ
ਕੁਝ ਨਾ ਦੱਸਦਾ ਸੀ
ਤੇ ਦਿਨ ਭਰ ਆਪਣੇ
ਪ੍ਰਛਾਵਿਆਂ ਪਿੱਛੇ ਹੀ ਨੱਸਦਾ ਸੀ
ਮੈਨੂੰ ਉਹਦੀ ਦੇਵਦਾਸੀ ਭਟਕਣਾ
ਅਕਸਰ ਡਰਾਂਦੀ ਸੀ
ਤੇ ਉਹਦੀ ਅੱਖ ਦੀ ਵਹਿਸ਼ਤ
ਜਿਵੇਂ ਸ਼ੀਸ਼ੇ ਨੂੰ ਖਾਂਦੀ ਸੀ
ਤੇ ਉਹਦੀ ਚੁੱਪ
ਬੁੱਢੇ ਘਰ ਦੇ ਹੁਣ ਜਾਲੇ ਹਲਾਂਦੀ ਸੀ

ਮੈਂ ਇੱਕ ਦਿਨ ਧੁੱਪ ਵਿੱਚ
ਉਹਨੂੰ ਘਰ ਦੀਆਂ ਕੰਧਾਂ ਵਿਖਾ ਬੈਠਾ
ਉਹ ਧੁਪ ਵਿੱਚ ਰੋਂਦੀਆਂ ਕੰਧਾਂ ਦੀ ਗੱਲ
ਸੀਨੇ ਨੂੰ ਲਾ ਬੈਠਾ
ਮੈਂ ਐਵੇਂ ਭੁੱਲ ਕੇ ਕੰਧਾਂ ਦੀ ਗੱਲ
ਉਸ ਨੂੰ ਸੁਣਾ ਬੈਠਾ
ਤੇ ਉਹਦਾ ਸਾਥ ਕੰਧਾਂ ਤੋਂ
ਹਮੇਸ਼ਾ ਲਈ ਗਵਾ ਬੈਠਾ

ਉਹ ਘਰ ਛੱਡਣ ਤੋਂ ਪਹਿਲਾਂ ਓਸ ਦਿਨ
ਹਰ ਖੂੰਜ ਵਿੱਚ ਫਿਰਿਆ
ਤੇ ਘਰ ਵਿੱਚ ਖੰਘ ਰਹੀਆਂ
ਬੀਮਾਰ ਸਭ ਇੱਟਾਂ ਦੇ ਗਲ ਮਿਲਿਆ

ਤੇ ਉਸ ਮਨਹੂਸ ਦਿਨ ਪਿੱਛੋਂ
ਕਦੇ ਉਹ ਘਰ ਨਹੀਂ ਮੁੜਿਆ

ਹੁਣ ਜਦ ਵੀ ਰੇਲ ਦੀ ਪਟੜੀ ਤੇ ਕੋਈ
ਖ਼ੁਦਕਸ਼ੀ ਕਰਦੈ
ਜਾਂ ਟੋਲਾ ਭਿਕਸ਼ੂਆਂ ਦਾ
ਸਿਰ ਮੁਨਾਈ ਸ਼ਹਿਰ ਵਿੱਚ ਚਲਦੈ
ਜਾਂ ਨਕਸਲਬਾੜੀਆਂ ਕੋਈ
ਕਿਸੇ ਨੂੰ ਕਤਲ ਜਦ ਕਰਦੈ
ਤਾਂ ਮੇਰੇ ਘਰ ਦੀਆਂ ਕੰਧਾਂ ਨੂੰ
ਉਸ ਪਲ ਤਾਪ ਆ ਚੜ੍ਹਦੈ
ਤੇ ਬੁੱਢੇ ਘਰ ਦੀਆਂ
ਬੀਮਾਰ ਇੱਟਾਂ ਦਾ ਬਦਨ ਠਰਦੈ

ਇਹ ਬੁੱਢੇ ਘਰ ਦੀਆਂ
ਬੀਮਾਰ ਇੱਟਾਂ ਦਾ ਭਰੋਸਾ ਹੈ
ਉਹ ਜਿੱਥੇ ਵੀ ਹੈ
ਜਿਹੜੇ ਹਾਲ ਵਿੱਚ ਹੈ
ਉਹ ਬੇ-ਦੋਸ਼ਾ ਹੈ
ਉਹਨੂੰ ਘਰ ਤੇ ਨਹੀਂ
ਪਰ ਘਰ ਦੀਆਂ ਕੰਧਾਂ ਤੇ ਰੋਸਾ ਹੈ

ਹੈ ਚਿਰ ਹੋਇਆ
ਮੇਰਾ ਆਪਾ ਮੇਰੇ ਸੰਗ ਰੁੱਸ ਕੇ
ਕਿਤੇ ਤੁਰ ਗਿਆ ਹੈ
ਤੇ ਮੇਰੇ ਕੋਲ ਮੇਰਾ ਸੱਖਣਾ
ਕਲਬੂਤ ਬਾਕੀ ਹੈ
ਜੋ ਬੁੱਢੇ ਘਰ ਦੀਆਂ
ਹੁਣ ਮਰ ਰਹੀਆਂ ਕੰਧਾਂ ਦਾ ਸਾਥੀ ਹੈ





Sri Satguru Jagjit Singh Ji eLibrary NamdhariElibrary@gmail.com

# ਸਾਹਿਤਕ-ਮਿਲਣੀ






Sri Satguru Jagjit Singh Ji eLibrary NamdhariElibrary@gmail.com

# ਸਾਹਿਤਕ-ਮਿਲਣੀ





ਇਹ ਗ਼ਜ਼ਲ ਸ਼ਿਵ ਨੇ ਕਵੈਂਟਰੀ ਕਵੀ ਦਰਬਾਰ ਵਿੱਚ ੧੦੦੦ ਸਰੋਤਿਆਂ ਦੀਆਂ ਅਣਗਿਣਤ ਤਾੜੀਆਂ ਦੀ ਗੂੰਜ ਵਿੱਚ ਤਰੰਨਮ ਨਾਲ ਸੁਣਾਈ।

ਕੀ ਪੁੱਛਦੇ ਹੋ ਹਾਲ ਫ਼ਕੀਰਾਂ ਦਾ?
ਸਾਡਾ ਨਦੀਉਂ ਵਿੱਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ-ਜਲਿਆਂ ਦਲਗੀਰਾਂ ਦਾ।

ਇਹ ਜਾਣਦਿਆਂ ਕੁਝ ਸ਼ੋਖ਼ ਜਹੇ
ਰੰਗਾਂ ਦਾ ਹੀ ਨਾ ਤਸਵੀਰਾਂ ਹੈ
ਜਦ ਹੱਟ ਗਏ ਅਸੀਂ ਇਸ਼ਕੇ ਦੀ
ਮੁੱਲ ਕਰ ਬੈਠੇ ਤਸਵੀਰਾਂ ਦਾ।

ਤਕਦੀਰ ਤਾਂ ਆਪਣੀ ਸੌਂਕਣ ਸੀ
ਤਦਬੀਰਾਂ ਸਾਤੋਂ ਨਾ ਹੋਈਆਂ
ਨਾ ਝੰਗ ਛੁਟਿਆ, ਨਾ ਕੰਨ ਪਾਟੇ
ਝੰਡ ਲੰਘ ਗਿਆ ਇੰਜ ਹੀਰਾਂ ਦਾ।

ਸਾਨੂੰ ਲੱਖਾਂ ਦਾ ਤਨ ਲੱਭ ਗਿਆ
ਪਰ ਇੱਕ ਦਾ ਮਨ ਵੀ ਨਾ ਮਿਲਿਆ
ਕੀ ਲਿਖਿਆ ਕਿਸੇ ਮੁਕੱਦਰ ਸੀ
ਹੱਥਾਂ ਦੀਆਂ ਚਾਰ ਲਕੀਰਾਂ ਦਾ?

ਮੇਰੇ ਗੀਤ ਵੀ ਲੋਕ ਸੁਣੀਂਦੇ ਨੇ
ਨਾਲੇ ਕਾਫ਼ਰ ਆਖ ਸਦੀਂਦੇ ਨੇ
ਮੈਂ ਦਰਦ ਨੂੰ ਕਾਹਬਾ ਕਹਿ ਬੈਠਾ
ਰੱਬ ਨਾਂ ਰੱਖ ਬੈਠਾ ਪੀੜਾਂ ਦਾ।



Sri Satguru Jagjit Singh Ji eLibrary NamdhariElibrary@gmail.com

# Shiv Kumar Batalvi

(1936-1973)



Sant Singh Sekho



Born in a village in the Shakargarh tehsil of the district o Sialkot (now in Pakistan), Shiv Kumar Batalvi was brought up i Batala where his father was an official (Kanungo) in the revenu department. After passing the matriculation examination, h joined the Baring Union Christian College at Batala and the Khalsa College, Kadian. But he left the second college also afte about a year and joined a school at Baijnath in Kangra district fo a preliminary course of engineering. There he fell in love with a girl who later died of typhoid fever and like Mohan Singh, Shi Kumar became a victim of unending bereavement. But wherea Mohan Singh was able to outgrow his sorrow, Shiv Kumar kept it alive in his breast until hi death.

At his father's insistence he passed a course of land and revenue accounts and actuall joined service as a Patwari. Shiv Kumar seems to have acquired an intimate knowledge of th rural scene in a rather isolated corner of Punjab, through his brief experience as a Patwari bu it is his Brahmanical culture that links his poetry to the urban Hindu ritual and its picturesqu catholicity.

His first collection of poems was published in 1960 under the title *Piran da paraga* (The Scarf of Sorrows). Shiv Kumar's repeated disappointment in love is poignantly reflected i these poems.

The tone is one of bereavement and despair. The most relished poem in the collection is "Kandiali Thohar" (Thorny Cactus); Kumar compares himself to this plant which grows in the wilderness and on which no human care is bestowed. In this collection as in all his subsequen work, Shiv Kumar takes sorrow to its last limit.

The next collection of poems followed in 1961 with the title 'Lajwanti' (Touch Me Not). In these poems the poet starts from his own experience to an objective realisation of the human situation. It has been called a pleasant combination of tradition and experimentation. In this collection, "Garbhavati" (A Pregnant Woman) is one of Shiv Kumar's great poems.



Sri Satguru Jagjit Singh Ji eLibrary NamdhariElibrary@gmail.com

The next collection came in 1962 with the title *Atte dian chirian* (The Sparrows of flour). In these poems, the poet's vision pierces the colourful curtain of romance to the stark reality of life and gives an indication of his deeper acquaintance with human grief and sorrow.

Mainu Vida Karo (Bid Me Farewell) came in 1963. In these poems the poet's lyrical power is at its height and equally pronounced are his intimations of death. It is in this collection that these immortal lines occur :

*I am going to die in the season of youth,*

*I am going to depart without emptying my contents,*

*After completing a cycle of separation from you.*

In 1965 was published Shiv Kumar's masterpiece, a dramatic poem, "Luna". In this poem Shiv Kumar has taken up the legend of Puran Bhakta which has been called an expression of a significant aspect of the Punjabi psyche. It is the story of Puran, son of Raja Salvahan, resisting the solicitations of his youthful stepmother Luna, who perverts the truth into a big lie and accuses the innocent Puran of having attempted to outrage her modesty. Shiv Kumar changes the legend to an extent, by justifying the youthful Luna's solicitation of her stepson, because she has been married against her will to the old Raja Salvahan. So beautifully has Shiv Kumar advocated Luna's case that beside the iniquity of an unequal marriage, Puran's dutiful rejection of Luna's advances appears as a cruel, ascetically insensibility. The poet has woven the tapestry of Puran's rejection in such a way, that it remains in-explicit till the end, whether the rejection is being presented as a compulsion of Puran's role as an ascetic, or as a rejection of beauty and youth by a cruelly motivated social order.

*Main Te Main* (I and I) published in 1970 is a long poem of seventy-five pages, which is unique in modem Punjabi poetry in both its conception and execution. In the introduction the poet himself writes, "The legend in this poem is not mine, nor is its truth my truth... whatever is mine in the truth of this legend is the truth of my being not of my person. Its psychological background is only a phenomenon of the intellectual and moral scepticism of the present generation. The truth of the hero of this poem is a protest against the false and hollow moral values of today. It is the revolt of modern man's disintegrated personality against the death of his true being." The narrator describes his birth as the result of his mother's sexual hunger even when she is an unmarried woman. This hunger is, according to the poet 'sunk deep' in the being of every woman, who is basically an unmarried mother. What the poet actually means by this formulation is not quite clear, except on the understanding of the poet's own experience of the basic immorality of woman's desire for man as her ravisher and her son as the culmination of her innermost sexual urge.

Another collection of poems was published in 1971 under the tide *Arti* (Prayer). The poems included in it were written between the years 1963 and 1965. Thus they are chronologically later than both *Luna* and *Main Te Main.*

*Alvida* (Farewell) was published posthumously in 1974 by the Guru Nanak Dev University, Amritsar. It contains poems not published before, and these voice more progressive and revolutionary sentiments than Shiv Kumar's earlier poems.



Sri Satguru Jagjit Singh Ji eLibrary NamdhariElibrary@gmail.com

# ਇਹ ਮੇਰਾ ਗੀਤ

ਇਹ ਮੇਰਾ ਗੀਤ ਕਿਸੇ ਨਾ ਗਾਣਾ
ਇਹ ਮੇਰਾ ਗੀਤ ਮੈਂ ਆਪੇ ਗਾ ਕੇ
ਭਲਕੇ ਹੀ ਮਰ ਜਾਣਾ
ਇਹ ਮੇਰਾ ਗੀਤ ਕਿਸੇ ਨਾ ਗਾਣਾ

ਇਹ ਮੇਰਾ ਗੀਤ ਧਰਤ ਤੋਂ ਮੈਲ਼ਾ
ਸੂਰਜ ਜੇਡ ਪੁਰਾਣਾ
ਕੋਟ ਜਨਮ ਤੋਂ ਪਿਆ ਅਸਾਨੂੰ
ਇਸ ਦਾ ਬੋਲ ਹੰਢਾਣਾ
ਹੋਰ ਕਿਸੇ ਦੀ ਚਾਹ ਨਾ ਕਾਈ
ਇਸ ਨੂੰ ਹੋਠੀਂ ਲਾਣਾ

ਇਹ ਤਾਂ ਮੇਰੇ ਨਾਲ ਜਨਮਿਆ
ਨਾਲ ਬਹਿਸ਼ਤੀਂ ਜਾਣਾ
ਇਹ ਮੇਰਾ ਗੀਤ, ਮੈਂ ਆਪੇ ਗਾਕੇ
ਭਲਕੇ ਹੀ ਮਰ ਜਾਣਾ

ਮੈਂ ਤੇ ਮੇਰੇ ਗੀਤ ਨੇ ਦੋਹਾਂ
ਜਦ ਭਲਕੇ ਮਰ ਜਾਣਾ
ਬਿਰਹੋਂ ਦੇ ਘਰ ਜਾਈਆਂ ਸਾਨੂੰ
ਕਬਰੀ ਲੱਭਣ ਆਉਣਾ
ਸਭਨਾਂ ਸਈਆਂ ਇੱਕ ਆਵਾਜ਼ੇ
ਮੁੱਖੋਂ ਬੋਲ ਅਲਾਣਾ
"ਕਿਸੇ ਕਿਸੇ ਦੇ ਲੇਖੀਂ ਹੁੰਦਾ
ਏਡਾ ਦਰਦ ਕਮਾਣਾ!"

ਇਹ ਮੇਰਾ ਗੀਤ ਕਿਸੇ ਨਾ ਗਾਣਾ
ਇਹ ਮੇਰਾ ਗੀਤ ਮੈਂ ਆਪੇ ਗਾ ਕੇ
ਭਲਕੇ ਹੀ ਮਰ ਜਾਣਾ





Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਸਭਿਆਚਾਰ ਦੇ ਅੰਤਰਰਾਸ਼ਟਰੀ ਪਹਿਰੇਦਾਰ

# ਸ. ਸੁਰਜਨ ਸਿੰਘ ਗਿੱਲ

ਲੋਕ ਵਿਰਸੇ ਨੂੰ ਉਤਸ਼ਾਹਿਤ ਅਤੇ ਸੰਭਾਲਣ ਲਈ ਪੰਜਾਬੀ ਸਭਿਆਚਾਰ ਦੇ ਅੰਤਰਰਾਸ਼ਟਰੀ ਪਹਿਰੇਦਾਰ ਸ. ਸੁਰਜਨ ਸਿੰਘ ਗਿੱਲ ਆਪਣੇ ਆਪ ਵਿਚ ਇਕ ਸੰਸਥਾ ਹਨ ਅਤੇ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਗੁਰਸਿੱਖੀ ਦੀ ਸੇਵਾ ਅਤੇ ਪੰਜਾਬੀ ਵਿਰਸੇ ਲਈ ਜੋ ਉਨ੍ਹਾਂ ਦੀ ਦੇਣ ਹੈ ਉਸ ਬਾਰੇ ਲਿਖਣ ਲਈ ਮੇਰੀ ਕਲਮ ਬਹੁਤ ਛੋਟੀ ਹੈ। ਮੇਰੇ ਵੱਲੋਂ ਇਹ ਤੁੱਛ ਜਿਹੀ ਕੋਸ਼ਿਸ਼ ਹੈ। ਉਨ੍ਹਾਂ ਬਾਰੇ ਮੈਂ ਪਹਿਲਾਂ ਪੜ੍ਹਿਆ ਸੁਣਿਆ ਤਾਂ ਸੀ ਪਰ ਹੁਣ ਜਦੋਂ ਭਾਜੀ ਲੱਖਾ ਸਿੰਘ ਜੀ ਉਨ੍ਹਾਂ ਵੱਲੋਂ ਛਪਾਏ ਜਾ ਰਹੇ ਇਸ ਸੋਵਨੀਅਰ ਦੇ ਖਰੜੇ ਨੂੰ ਲੈ ਕੇ ਆਏ ਤਾਂ ਦੇਖ ਕੇ ਮਨ ਬੜਾ ਖ਼ੁਸ਼ ਹੋਇਆ ਕਿ ਭਾਜੀ ਗਿੱਲ ਸਾਹਿਬ ਸਾਰੇ ਆਪਣੇ ਪਿਆਰੇ ਗੀਤਕਾਰਾਂ, ਸ਼ਾਇਰਾਂ, ਕਵੀਆਂ, ਫ਼ਨਕਾਰਾਂ ਨੂੰ ਕਿਸ ਤਰ੍ਹਾਂ ਸਾਂਭ ਕੇ ਆਪਣੇ ਸੀਨੇ ਨਾਲ ਲਾ ਕੇ ਬੈਠੇ ਹਨ। ਭਾਜੀ ਲੱਖਾ ਸਿੰਘ ਨੇ ਭਾਜੀ ਗਿੱਲ ਸਾਹਿਬ ਨਾਲ ਆਪਣੀ ਗੂੜ੍ਹੀ ਦੋਸਤੀ, ਸਾਂਝ ਪਿਆਰ ਅਤੇ ਸਤਿਕਾਰ ਬਾਰੇ ਦੱਸਿਆ। ਭਾਜੀ ਲੱਖਾ ਸਿੰਘ ਜੋ ਕੀਰਤਨ ਦਰਬਾਰਾਂ ਅਤੇ ਮਹਿਫ਼ਲਾਂ ਦੇ ਪ੍ਰਬੰਧਕ ਅਤੇ ਸ਼ਿੰਗਾਰ ਹਨ ਅਤੇ 'ਸੰਗਤ' ਟੀ.ਵੀ. ਯੂ.ਕੇ. ਦੇ ਡਾਇਰੈਕਟਰ ਹਨ ਅਤੇ ਸਟੇਜ ਦੇ ਧਨੀ ਹਨ। ਪੰਜਾਬੀਆਂ ਦੀਆਂ ਵੱਖ-ਵੱਖ ਮੁਸ਼ਕਲਾਂ ਨੂੰ ਵਿਚਾਰਨ ਲਈ ਅਤੇ ਐਨ.ਆਰ.ਆਈ. ਮੀਟਿੰਗਾਂ ਅਤੇ ਕਾਨਫਰੰਸਾਂ ਰਾਹੀਂ ਹੱਲ ਕਰਨ ਲਈ ਤਤਪਰ ਰਹਿੰਦੇ ਹਨ। ਜਿਨ੍ਹਾਂ ਦਾ ਅਸਲੀ ਨਾਮ ਵਰਿਆਮ ਸਿੰਘ ਸੰਧੂ ਹੈ। ਭਾਜੀ ਲੱਖਾ ਸਿੰਘ ਆਪਣੀ ਸਾਧਨਾ, ਹੌਸਲੇ, ਦ੍ਰਿੜ੍ਹਤਾ, ਅਨੁਭਵ ਅਤੇ ਰੋਸ਼ਨ ਦਿਮਾਗ਼ ਨਾਲ ਜ਼ਿੰਦਗੀ ਨੂੰ ਬਹੁਤ ਹੀ ਸੰਜੀਦਗੀ ਨਾਲ ਲੈਂਦੇ ਹਨ। ਉਨ੍ਹਾਂ ਦੀ ਅਗਾਂਹਵਧੂ ਸੋਚ, ਮਿਲਾਪੜਾ ਅਤੇ ਮਿਠਬੋਲੜਾ ਸੁਭਾਅ ਅਤੇ ਗੱਲਬਾਤ ਦਾ ਅੰਦਾਜ਼ੇ ਬਿਆਨ ਦੇ ਕਾਰਨ ਹੀ ਉਨ੍ਹਾਂ ਦੇ ਚਹੇਤਿਆਂ ਨੇ ਉਨ੍ਹਾਂ ਦਾ ਨਾਮ ਲੱਖਾ ਸਿੰਘ ਪਾ ਦਿੱਤਾ ਕਿ ਇਹ ਲੱਖਾਂ ਦੀ ਗੱਲ ਕਰਦਾ ਹੈ। ਭਾਜੀ ਲੱਖਾ ਸਿੰਘ ਜਦੋਂ ਹਾਸਿਆਂ ਦੀ ਪਟਾਰੀ ਖੋਲ੍ਹਦੇ ਹਨ ਤਾਂ ਆਸੇ-ਪਾਸੇ ਸਾਰਿਆਂ ਦੇ ਚੇਹਰੇ ਹੱਸ-ਹੱਸ ਕੇ ਲਾਲ ਹੋ ਜਾਂਦੇ ਹਨ। ਮੈਨੂੰ ਭਾਜੀ ਲੱਖਾ ਸਿੰਘ ਨੂੰ ਮਿਲਣ ਦਾ ਸੁਭਾਗ 'ਸੰਗਤ' ਟੀ.ਵੀ. ਯੂ.ਕੇ. ਵਿਚ ਹੋਇਆ। ਜਦੋਂ ਇਨ੍ਹਾਂ ਨੇ ਮੇਰੇ ਨਾਲ ਟੀ.ਵੀ. ਸਟੂਡੀਓ ਵਿਚ ਗ਼ਦਰ ਪਾਰਟੀ ਨਾਲ ਸੰਬੰਧਿਤ ਵਿਚਾਰ ਵਟਾਂਦਰਾ ਕਰਨਾ ਸੀ। ਤਾਂ ਉਸ ਸਮੇਂ ਲਾਈਵ ਪ੍ਰੋਗਰਾਮ ਚਲ ਰਿਹਾ ਸੀ ਤਾਂ ਸਾਰੇ ਯੂਰਪ ਵਿਚੋਂ ਮੇਰੇ ਪਿਆਰੇ ਵਿਦਿਆਰਥੀਆਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਤਾਂ ਇਸ ਸਾਰੇ ਵਿਚਾਰਾਂ ਦੇ ਅਦਾਨ ਪ੍ਰਦਾਨ ਤੋਂ ਅਸੀਂ ਇਕ ਦੂਜੇ ਤੋਂ ਬਹੁਤ ਪ੍ਰਭਾਵਿਤ ਹੋਏ। ਭਾਜੀ ਕਹਿਣ ਲੱਗੇ ਕਿ ਸਾਨੂੰ ਤਾਂ ਜਨਮਾਂ-ਜਨਮਾਂਤਰਾਂ ਤੋਂ ਵਿਛੜੀ ਹੋਈ ਅਸਲੀ ਭੈਣ ਮਿਲੀ ਹੈ ਅਤੇ ਅਗਾਂਹ ਆਪਣੇ ਵਰਗੇ ਹੀ ਨਿੱਘੇ ਸੁਭਾਅ ਵਾਲੇ ਭਾਜੀ ਗਿੱਲ ਸਾਹਿਬ ਨਾਲ ਮਿਲਾ ਦਿੱਤਾ ਜਿਨ੍ਹਾਂ ਨੂੰ ਮਿਲ ਕੇ ਹੋਰ ਵੀ ਖ਼ੁਸ਼ੀ ਦੂਣੀ ਚੌਣੀ ਹੋ ਗਈ।

ਭਾਜੀ ਲੱਖਾ ਸਿੰਘ ਤੋਂ ਜਦੋਂ ਮੈਂ ਸਤਿਕਾਰਤ ਭਾਜੀ ਗਿੱਲ ਸਾਹਿਬ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਭਾਜੀ ਨੇ ਕਿਹਾ ਕਿ ਗਿੱਲ ਸਾਹਿਬ ਇਕ ਮੰਨੇ-ਪ੍ਰਮੰਨੇ ਉਘੇ ਸਾਹਿਤਕਾਰ ਹਨ ਪਰ ਇਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਅਤੇ ਪੰਜਾਬੀ ਵਿਰਸੇ ਬਾਰੇ ਜੋ ਲੋਚਾ ਹੈ ਉਸ ਨੂੰ ਲਫ਼ਜ਼ਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ ਤੁਸੀਂ ਆਪ ਵੀ ਉਨ੍ਹਾਂ ਨਾਲ ਟੈਲੀਫ਼ੋਨ ਉੱਪਰ ਗੱਲ ਕਰ ਲੈਣਾ ਤੁਹਾਨੂੰ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਬਾਰੇ ਆਪੇ ਹੀ ਸਭ ਕੁਝ ਪਤਾ ਲੱਗ ਜਾਵੇਗਾ। ਸੱਚਮੁੱਚ ਹੀ ਜਦੋਂ ਮੈਂ ਸੋਵਨੀਅਰ ਦੇ ਸੰਬੰਧ ਵਿਚ ਭਾਜੀ ਗਿੱਲ ਸਾਹਿਬ ਨਾਲ ਗੱਲਬਾਤ ਕੀਤੀ ਤਾਂ ਮੈਨੂੰ ਸਭ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਉਹ ਦਾਨਸ਼ਵਰਾਂ ਵਾਂਗ ਗੱਲ ਕਰਦੇ ਹਨ, ਕਵੀਆਂ ਵਾਂਗ ਬੋਲਦੇਂ ਹਨ। ਇਨ੍ਹਾਂ ਨੂੰ ਪ੍ਰਮਾਤਮਾ ਨੇ ਦਲੇਰੀ, ਨਿਡਰਤਾ, ਹਮਦਰਦੀ, ਪਿਆਰ, ਸਾਦਗੀ, ਸਬਰ, ਸੰਤੋਖ, ਵਿਸ਼ਾਲ ਹਿਰਦਾ, ਰੂਹਾਨੀਅਤ, ਆਪਣੇ ਭਾਈਚਾਰੇ ਲਈ ਦਰਦ, ਆਪਣੇ ਧਰਮ ਅਤੇ ਵਿਰਸੇ ਨੂੰ ਸੰਭਾਲਣ ਦੀ ਦੂਰ-ਦ੍ਰਿਸ਼ਟੀ ਵਰਗੀਆਂ ਅਥਾਹ ਬਰਕਤਾਂ ਅਤੇ ਨਿਆਮਤਾਂ ਨਾਲ ਨਿਵਾਜਿਆ ਹੈ। ਸਾਹਿਤਕਾਰ ਚਾਹੇ ਲੇਖਕ, ਨਾਵਲਕਾਰ, ਕਹਾਣੀਕਾਰ, ਨਾਟਕਕਾਰ ਜਾਂ ਸ਼ਾਇਰ ਕੁਝ ਵੀ ਹੋਵੇ ਉਸ ਨੂੰ ਸ਼ਬਦਾਂ ਦੀ ਜਨਮ ਪੀੜਾਂ ਦੀ ਜਟਿਲ ਪ੍ਰਕਿਰਿਆ ਵਿਚੋਂ ਵੀ ਗੁਜ਼ਰਨਾ ਪੈਂਦਾ ਹੈ। ਕਲਮ ਚੁੱਕਣਾ ਅਗਨ ਕੁੰਡ ਵਿਚ ਛਾਲ ਮਾਰਨ ਦੇ ਸਮਾਨ ਸਥਿਤੀ ਹੈ।

*ਆਪਣਾ ਸਿਰ ਕਲਮ ਕਰਨਾ ਲਿਖਣ ਬਹਿਣਾ ਮੌਤ ਹੈ,*
*ਹਰ ਸ਼ਬਦ ਦੇ ਜਨਮ ਦੀ ਪੀੜਾ ਨੂੰ ਸਹਿਣਾ ਮੌਤ ਹੈ।*



Sri Satguru Jagjit Singh Ji eLibrary NamdhariElibrary@gmail.com

ਸ. ਸੁਰਜਨ ਸਿੰਘ ਗਿੱਲ ਜੋ ਮਲੇਸ਼ੀਆ ਵਿਚ ਪੈਦਾ ਹੋਏ ਪਰ ਹਰ ਸਮੇਂ ਉਨ੍ਹਾਂ ਦਾ ਦਿਲ ਉਨ੍ਹਾਂ ਦੀ ਰੂਹ ਆਪਣੇ ਦੇਸ਼ ਪੰਜਾਬ ਵਿਚ ਹੀ ਰਹੀ। ਉਹ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਜਾਬ ਦੀ ਲਹੂ-ਲੁਹਾਨ ਹੋਈ ਧਰਤੀ ਲਈ ਸੀਨੇ ਵਿਚ ਅੰਤਾਂ ਦਾ ਦਰਦ ਲਈ ਦਰਵੇਸ਼ਾਂ ਵਾਂਗੂੰ ਪ੍ਰਦੇਸਾਂ ਵਿਚ, ਹਰ ਸ਼ਹਿਰ, ਹਰ ਨਗਰ ਅਤੇ ਹਰ ਜਗ੍ਹਾ ਘੁੰਮਦੇ ਰਹਿੰਦੇ ਹਨ। ਸਾਰੀ ਦੁਨੀਆ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਅਤੇ ਸਭਿਆਚਾਰਕ ਖੇਤਰ ਵਿਚ ਗੀਤਕਾਰਾਂ, ਸਾਹਿਤਕਾਰਾਂ, ਕਵੀਆਂ, ਲੇਖਕਾਂ, ਨਾਟਕਕਾਰਾਂ, ਫਨਕਾਰਾਂ ਅਤੇ ਸ਼ਾਇਰਾਂ ਨੂੰ ਉਤਸ਼ਾਹਿਤ ਕਰਨ ਲਈ ਵੈਨਕੂਵਰ, ਟੋਰਾਂਟੋ, ਕੈਲੇਫੋਰਨੀਆਂ, ਨਿਊਯਾਰਕ, ਵਾਸ਼ਿੰਗਟਨ, ਵੀਆਨਾ, ਦਿੱਲੀ, ਸਿੰਘਾਪੁਰ, ਕੋਆਲਾਲੰਪਰ, ਬੈਂਕਾਕ, ਲੰਡਨ, ਸਿਡਨੀ ਅਤੇ ਹੋਰ ਪ੍ਰਸਿੱਧ ਸ਼ਹਿਰਾਂ ਵਿਚ ਵੱਖ-ਵੱਖ ਸਮੇਂ ਸਤਿਕਾਰ ਸਮਾਰੋਹ ਕਰਵਾ ਕੇ ਐਵਾਰਡਾਂ ਨਾਲ ਸਨਮਾਨਿਤ ਕਰਦੇ ਰਹਿੰਦੇ ਹਨ। ਅਮਰੀਕਾ, ਕੈਨੇਡਾ, ਇੰਗਲੈਂਡ, ਮਲੇਸ਼ੀਆ ਅਤੇ ਹੋਰ ਕਈ ਜਗ੍ਹਾ ਸਿੱਖ ਸੰਸਥਾਵਾਂ ਦੇ ਪ੍ਰਮੁੱਖ



*ਅੰਤਾਂ ਦੇ ਮਿਲਾਪੜੇ, ਮੋਹ ਭਿੱਜੇ, ਮਹਿਫ਼ਲਾਂ ਦੇ ਸ਼ਿੰਗਾਰ*
*ਸ: ਸੁਰਜਨ ਸਿੰਘ ਜੀ ਅਤੇ ਸ: ਲੱਖਾ ਸਿੰਘ ਜੀ*



Sri Satguru Jagjit Singh Ji eLibrary NamdhariElibrary@gmail.com

ਪ੍ਰਬੰਧਕ ਹੋਣ ਨਾਤੇ ਗਿੱਲ ਸਾਹਿਬ ਨੇ ਗੁਰਸਿੱਖੀ ਦੇ ਬੋਲ-ਬਾਲੇ ਲਈ ਕਈ ਨਿਗਰ ਕਾਰਜ ਕੀਤੇ ਹਨ। ਸਿੱਖੀ ਲਈ ਅਥਾਹ ਸ਼ਰਧਾ ਸਤਿਕਾਰ ਉਨ੍ਹਾਂ ਦੇ ਹਰ ਬੋਲ ਵਿਚੋਂ ਝਲਕਦਾ ਹੈ। ਉਨ੍ਹਾਂ ਦਾ ਗੁਰਸਿੱਖੀ ਜੀਵਨ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਗੁਰੂ ਜੀ ਦੇ ਸੰਦੇਸ਼ ਨੂੰ ਧਾਰਨ ਕਰਦੇ ਹੋਏ ਅੱਜ ਦੇ ਨੌਜਵਾਨਾਂ ਲਈ ਰੋਲ ਮਾਡਲ ਹੈ। ਜੋ ਇਹ ਸੋਵੀਨਰ ਸ਼ਿਵ ਕੁਮਾਰ ਬਟਾਲਵੀ ਅਤੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਦੀ ਯਾਦ ਨੂੰ ਸਮਰਪਿਤ/ਪ੍ਰਕਾਸ਼ਿਤ ਕਰਵਾ ਰਹੇ ਹਨ ਇਸ ਦਾ ਨਾਮ ਵੀ ਸਿੱਖੀ ਵਿਚੋਂ ਹੀ ਝਲਕਾਰੇ ਮਾਰ ਰਿਹਾ ਹੈ ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ 1379 ਅੰਕ ਉੱਪਰ ਬਾਬਾ ਫ਼ਰੀਦ ਜੀ ਦੇ ਸਲੋਕ ਹਨ–

*"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ,*
*ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣ ਮਸਾਨੁ।"*

"ਬਿਰਹਾ ਤੂ ਸੁਲਤਾਨ" ਦੀ ਜਗ੍ਹਾ ਗਿੱਲ ਸਾਹਿਬ ਨੇ ਲਿਖ ਦਿੱਤਾ "ਬਿਰਹਾ ਦਾ ਸੁਲਤਾਨ–ਸ਼ਿਵ ਬਟਾਲਵੀ"।

ਸ਼ਿਵ ਕੁਮਾਰ ਬਟਾਲਵੀ ਅਤੇ ਨੁਸਰਤ ਫ਼ਤਹਿ ਅਲੀ ਖ਼ਾਂ ਨੂੰ ਸ਼ਰਧਾਂਜਲੀ ਦੇਣ ਲਈ ਇਹ ਸੋਵਨੀਅਰ ਗਿੱਲ ਸਾਹਿਬ ਦਾ ਇਕ ਉੱਚਾ ਅਤੇ ਸੁੱਚਾ ਉਪਰਾਲਾ ਹੈ। ਭਾਜੀ ਗਿੱਲ ਸਾਹਿਬ ਅਤੇ ਭਾਜੀ ਲੱਖਾ ਸਿੰਘ ਵੱਲੋਂ ਜਦੋਂ ਮੈਨੂੰ ਵੀ ਇਸ ਸ਼ਰਧਾਂਜਲੀ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਤਾਂ ਮੈਂ ਜਦੋਂ ਪਿਛਾਂਹ ਆਪਣੀ ਜ਼ਿੰਦਗੀ ਵਿਚ ਝਾਤ ਮਾਰੀ ਤਾਂ ਮੈਨੂੰ ਉਹ ਸਭ ਯਾਦ ਆ ਗਿਆ ਕਿ ਜਦੋਂ ਮੈਂ ਡੀ.ਏ.ਵੀ. ਕਾਲਜ, ਜਲੰਧਰ ਵਿਚ ਐਮ.ਏ. ਕਰ ਰਹੀ ਸੀ ਤਾਂ ਹਰ ਥਾਂ ਸ਼ਿਵ, ਸ਼ਿਵ, ਸ਼ਿਵ ਦੇ ਹੀ ਗੁਣ ਗਾਏ ਜਾਂਦੇ ਸਨ। ਉਸ ਸਮੇਂ ਪੰਜਾਬ ਦੀਆਂ ਸਟੇਜਾਂ, ਕਵੀ ਦਰਬਾਰ ਸ਼ਿਵ ਤੋਂ ਬਿਨਾਂ ਅਧੂਰੇ ਸਨ। ਉਹ ਕਾਲਜਾਂ, ਯੂਨੀਵਰਸਿਟੀਆਂ ਵਿਚ ਸਟੇਜਾਂ ਦਾ ਬਾਦਸ਼ਾਹ ਸੀ। ਜਦੋਂ ਉਹ ਸਟੇਜ ਉੱਪਰ ਖੜ੍ਹਾ ਹੁੰਦਾ ਤਾਂ ਹਰ ਪਾਸੇ ਲੋਕੀਂ ਉਸ ਦੀ ਹੇਕ ਸੁਣ ਕੇ ਕੀਲੇ ਜਾਂਦੇ, ਝੂਮ ਉੱਠਦੇ ਅਤੇ ਅਸ਼-ਅਸ਼ ਕਰ ਉੱਠਦੇ।

ਸ਼ਿਵ ਕੁਮਾਰ ਨੂੰ ਜਿੰਨੀ ਪ੍ਰਸ਼ੰਸਾ ਮਿਲੀ ਅੱਜ ਤਕ ਕਿਸੇ ਵੀ ਕਵੀ ਨੂੰ ਨਹੀਂ ਮਿਲੀ। ਉਹ ਲਫ਼ਜ਼ਾਂ ਦਾ ਸਮੁੰਦਰ ਸੀ, ਨਿਮਰਤਾ ਦਾ ਮੁਜੱਸਮਾ ਅਤੇ ਸਟੇਜ ਦਾ ਧਨੀ ਸ਼ਹਿਨਸ਼ਾਹ ਸੀ। ਗਿੱਲ ਸਾਹਿਬ ਨੇ ਜੋ 'ਬਿਰਹਾ ਦਾ ਸੁਲਤਾਨ' ਕਹਿ ਕੇ ਸ਼ਿਵ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ ਸੱਚਮੁੱਚ ਹੀ ਬਿਰਹਾ ਨੇ ਹੀ ਸ਼ਿਵ ਨੂੰ ਅਮਰ ਕਰ ਦਿੱਤਾ। ਉਸ ਦੇ ਦਿਲ ਦੇ ਗਹਿਰੇ ਸਮੁੰਦਰ ਵਿਚ ਬਿਰਹਾ ਨਾਲ ਭਰੇ ਜਜ਼ਬਿਆਂ ਦਾ ਤੂਫ਼ਾਨ ਸੀ ਅਤੇ ਉਸ ਤੂਫ਼ਾਨ ਵਿਚ ਹੀ ਜਦੋਂ ਹੱਲਚੱਲ ਹੁੰਦੀ ਤਾਂ ਗੀਤ ਜਾਂ ਗ਼ਜ਼ਲ ਆਪ ਮੁਹਾਰੇ ਬਣ ਜਾਂਦੀ। ਭਾਵਾਂ, ਵਿਛੋੜਿਆਂ ਅਤੇ ਜਜ਼ਬਿਆਂ ਨਾਲ ਭਰਪੂਰ ਜਨਮੀ ਕਵਿਤਾ ਕਵੀ ਦੇ ਮਰਨ ਉਪਰ ਵੀ ਨਹੀਂ ਮਰਦੀ। ਕਵੀ ਕਵਿਤਾ ਨੂੰ ਜਨਮ ਦਿੰਦਾ ਹੈ ਅਤੇ ਕਵਿਤਾ ਕਵੀ ਨੂੰ ਸਦਾ ਲਈ ਅਮਰ ਕਰਕੇ ਜ਼ਿੰਦਗੀ ਬਖ਼ਸ਼ਦੀ ਹੈ। ਕਵਿਤਾ ਸ਼ਬਦਾਂ ਦੀ ਜਾਦੂਗਰੀ ਹੈ, ਰੰਗੀਨੀ ਮਿਜਾਜ਼ ਹੈ, ਸੋਚ ਦੀ ਉਡਾਨ ਅਤੇ ਰੱਬ ਦੀ ਰਹਿਮਤ ਹੈ। ਏਥੇ ਮੈਨੂੰ ਪ੍ਰੋ. ਮੋਹਨ ਸਿੰਘ ਜੀ ਦੀਆਂ ਉਹ ਸਤਰਾਂ ਯਾਦ ਆਉਂਦੀਆਂ ਹਨ ਜੋ ਉਨ੍ਹਾਂ ਦੀ ਜੀਵਨ ਸਾਥਣ ਉਨ੍ਹਾਂ ਨੂੰ ਸੁਪਨੇ ਵਿਚ ਕਹਿੰਦੀ ਹੈ। "ਮੋਹਨ, ਕਿੰਝ ਬਣਦਾ ਤੂੰ ਸ਼ਾਇਰ ਜੇਕਰ ਮੈਂ ਨਾ ਮਰਦੀ।" ਏਸੇ ਬਿਰਹਾ ਬਾਰੇ ਸ਼ਿਵ ਕੁਮਾਰ ਵੀ ਆਪਣੇ ਗੀਤ ਵਿਚ ਕਹਿੰਦੇ ਹਨ–

*"ਲੋਕ ਕਹਿਣ ਮੈਂ ਸੂਰਜ ਬਣਿਆ, ਲੋਕ ਕਹਿਣ ਮੈਂ ਰੌਸ਼ਨ ਹੋਇਆ।*
*ਸਾਨੂੰ ਕੇਹੀ ਲਾ ਗਿਆ ਅੱਗ ਏ ਤੇਰਾ ਬਿਰਹੜਾ।"*

ਸ਼ਿਵ ਕੁਮਾਰ ਦੇ ਗੀਤ ਅਤੇ ਗਜ਼ਲ ਜਦੋਂ ਪੂਰੀ ਉਡਾਰੀ ਵਿਚ ਅਸਮਾਨ ਨੂੰ ਛੂਹ ਰਹੇ ਸਨ ਅਤੇ ਹਰ ਪਾਸੇ ਉਸਦੀ ਸੁਰੀਲੀ ਅਵਾਜ਼ ਗੂੰਜਦੀ ਸੀ ਤਾਂ ਉਸ ਵੇਲੇ ਹਰ ਨੌਜਵਾਨ ਗੱਭਰੂ ਅਤੇ ਮੁਟਿਆਰ ਉਸਦੇ ਹੀ ਗੀਤ ਗੁਣਗੁਣਾਉਂਦੇ ਸਨ ਜਿਸ ਤਰ੍ਹਾਂ,

- *"ਭੱਠੀ ਵਾਲੀਏ ਚੰਬੇ ਦੀਏ ਡਾਲੀਏ*
  *ਨੀ ਪੀੜਾਂ ਦਾ ਪਰਾਗਾ ਭੁੰਨ ਦੇ ਭੱਠੀ ਵਾਲੀਏ"*
- *"ਗ਼ਮਾਂ ਦੀ ਰਾਤ ਲੰਮੀ ਏ, ਜਾਂ ਮੇਰੇ ਗੀਤ ਲੰਮੇ ਨੇ,*
  *ਨਾ ਭੈੜੀ ਰਾਤ ਮੁਕਦੀ ਏ, ਨਾ ਮੇਰੇ ਗੀਤ ਮੁਕਦੇ ਨੇ।"*
- *"ਮਾਏ ਨੀ ਮਾਏ! ਮੈਂ ਇਕ ਸ਼ਿਕਰਾ ਯਾਰ ਬਣਾਇਆ"*
- *"ਜਿੱਥੇ ਇੱਤਰਾਂ ਦੇ ਵਗਦੇ ਨੇ ਚੋ, ਨੀ ਉਥੇ ਮੇਰਾ ਯਾਰ ਵਸਦਾ,*
  *ਜਿਥੋਂ ਲੰਘਦੀ ਹੈ ਪੌਣ ਵੀ ਖਲੋ, ਨੀ ਉਥੇ ਮੇਰਾ ਯਾਰ ਵਸਦਾ।"*
- *"ਇਕ ਕੁੜੀ ਜਿਹਦਾ ਨਾਮ ਮੁਹੱਬਤ ਗੁੰਮ ਹੈ-ਗੁੰਮ ਹੈ-ਗੁੰਮ ਹੈ।"*



Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਗ਼ਜ਼ਲਾਂ–

- "ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ"
- "ਜਾਚ ਮੈਨੂੰ ਆ ਗਈ ਗ਼ਮ ਖਾਣ ਦੀ, ਹੌਲ਼ੀ-ਹੌਲ਼ੀ ਰੋ ਕੇ ਜੀਅ ਪਰਚਾਣ ਦੀ"
- "ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ,
  ਮੈਂ ਮਸੀਹਾ ਵੇਖਿਆ ਬੀਮਾਰ ਤੇਰੇ ਸ਼ਹਿਰ ਦਾ।"

ਮੈਂ ਕਿਹੜੇ-ਕਿਹੜੇ ਗੀਤਾਂ ਅਤੇ ਗ਼ਜ਼ਲਾਂ ਦੀ ਗੱਲ ਕਰਾਂ ਜਦੋਂ ਕਿ ਹਰ ਗੀਤਕਾਰ, ਹਰ ਫ਼ਨਕਾਰ ਦੇ ਮੂੰਹ ਉੱਪਰ ਉਸ ਦੇ ਹੀ ਗੀਤ ਗ਼ਜ਼ਲਾਂ ਚਲਦੇ ਸਨ।

ਅਸੀਂ ਵੀ ਸਾਰੇ ਭੈਣ ਭਰਾ ਅਕਸਰ ਉਸ ਦੇ ਗੀਤ ਗਾਉਂਦੇ ਅਤੇ ਇਕ ਸਾਡਾ ਭਰਾ ਸ. ਨਾਜਰ ਸਿੰਘ ਢਿੱਲੋਂ ਜੋ ਕਿ ਐਸ ਵੇਲੇ ਬਰਮਿੰਘਮ ਯੂ.ਕੇ. ਵਿਚ ਹੈ ਉਹ ਤਾਂ ਸ਼ਿਵ ਦੀ ਤਰ੍ਹਾਂ ਕੰਨ ਉੱਪਰ ਹੱਥ ਰੱਖ ਕੇ ਲੰਬੀ ਹੇਕ ਕੱਢ ਕੇ "ਭੱਠੀ ਵਾਲੀਏ ਚੰਬੇ ਦੀਏ ਡਾਲੀਏ" ਗਾਉਂਦਾ ਤਾਂ ਅਕਸਰ ਜਦੋਂ ਵੀ ਕਦੇ ਮਹਿਫ਼ਲ ਜੁੜਦੀ ਤਾਂ ਉਸ ਕੋਲੋਂ ਸ਼ਿਵ ਦੇ ਗੀਤ ਅਤੇ ਗ਼ਜ਼ਲਾਂ ਸੁਣੇ ਜਾਂਦੇ ਤਾਂ ਹੀ ਰੌਣਕ ਬੱਝਦੀ। ਜਦੋਂ ਸ਼ਿਵ ਕੁਮਾਰ ਜੀ ਏਸ ਦੁਨੀਆ ਤੋਂ ਚਲੇ ਗਏ ਤਾਂ ਇਹ ਸਾਡਾ ਭਰਾ ਕਈ ਦਿਨ ਅੰਦਰੋਂ ਬਾਹਰ ਨਹੀਂ ਗਿਆ ਆਪਣੇ ਕਮਰੇ ਵਿਚ ਹੀ ਰੋਈ ਜਾਵੇ ਅਤੇ ਉਸ ਦੇ ਗੀਤ ਗਾਈ ਜਾਵੇ। ਸੋ ਸ਼ਿਵ ਕੁਮਾਰ ਬਟਾਲਵੀ ਜੀ ਤਾਂ ਹਰ ਪੰਜਾਬੀ ਦੇ ਦਿਲ ਦੇ ਧੁਰ ਅੰਦਰ ਤਕ ਵਸਿਆ ਹੋਇਆ ਹੈ। ਮੇਰੇ ਜੀਵਨ ਸਾਥੀ ਡਾ. ਗੁਰਮੇਜ ਸਿੰਘ ਗਿੱਲ ਦੇ ਵਿਛੋੜੇ ਤੋਂ ਬਾਅਦ ਜਦੋਂ ਵੀ ਮੇਰਾ ਕੋਈ ਭੈਣ-ਭਰਾ ਮੇਰਾ ਹਾਲ ਪੁੱਛਦਾ ਹੈ ਤਾਂ ਸ਼ਿਵ ਬਟਾਲਵੀ ਦੀਆਂ ਸਤਰਾਂ ਆਪ ਮੁਹਾਰੇ ਮੂੰਹੋਂ ਨਿਕਲ ਆਉਂਦੀਆਂ ਹਨ–

"ਕੀ ਪੁਛਦੇ ਹੋ ਹਾਲ ਫ਼ਕੀਰਾਂ ਦਾ, ਸਾਡਾ ਨਦੀਓਂ ਵਿਛੜੇ ਨੀਰਾਂ ਦਾ।"

ਸ਼ਿਵ ਬਟਾਲਵੀ ਜੀ ਨੇ 'ਲੂਣਾ' ਮਹਾਂਕਾਵਿ ਲਿਖ ਕੇ ਤਾਂ ਸਾਹਿਤ ਵਿਚ ਤੂਫ਼ਾਨ ਹੀ ਲੈ ਆਂਦਾ ਸੀ ਅਤੇ ਇਹੀ ਇਕ ਸ਼ਹਿਨਸ਼ਾਹ ਕਵੀ ਹੋਇਆ ਜਿਸ ਨੇ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਔਰਤ ਦੇ ਹੱਕ ਵਿਚ ਅੰਬਰਾਂ ਜਿੱਡੀ ਹੂਕ ਮਾਰੀ, ਦਰਦ ਭਰੀ ਚੀਖ਼ ਮਾਰੀ ਜਿਸ ਨਾਲ ਸਾਰਾ ਸਮਾਜ ਹੀ ਹਿਲ ਗਿਆ। ਉਸ ਵਰਗਾ ਹਸੀਨ, ਦਿਲਦਾਰ, ਹਰਮਨ ਪਿਆਰਾ ਸ਼ਾਇਰ ਸ਼ਾਇਦ ਹੀ ਕੋਈ ਹੋਵੇ। ਉਹ ਹਮੇਸ਼ਾਂ ਯੁਗਾਂ-ਯੁਗਾਂਤਰਾਂ ਤੱਕ ਜਿੰਦਾ ਰਹੇਗਾ।

ਸੋ ਐਸੇ ਅਮਰ ਸ਼ਾਇਰ ਕਵੀ ਅਤੇ ਬਹੁਤ ਮੰਨੇ ਪ੍ਰਮੰਨੇ ਅੰਤਰਰਾਸ਼ਟਰੀ ਫ਼ਨਕਾਰ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਬਾਰੇ ਸੋਵਨੀਅਰ ਭੇਟ ਕਰਕੇ ਉੱਘੇ ਵਿਦਵਾਨ ਸ. ਸੁਰਜਨ ਸਿੰਘ ਗਿੱਲ ਜੀ ਦਾ ਬਹੁਤ ਹੀ ਮਹਾਨ ਦਲੇਰਾਨਾ ਉੱਦਮ ਹੈ। ਗਿੱਲ ਸਾਹਿਬ ਇਨ੍ਹਾਂ ਮਹਾਨ ਹਸਤੀਆਂ ਨੂੰ ਸਤਿਕਾਰ ਦਿੰਦੇ ਹੋਏ ਆਪਣੇ ਸਭਿਆਚਾਰ ਨੂੰ ਸੰਭਾਲਣ ਦੀ ਕੜੀ ਅੱਗੇ ਤੋਂ ਅੱਗੇ ਜੋੜੀ ਜਾ ਰਹੇ ਹਨ। ਮੇਰੇ ਪਿਤਾ ਜੀ ਸ. ਅਜੀਤ ਸਿੰਘ ਮਹਾਨ ਫ਼ਨਕਾਰ ਨੁਸਰਤ ਫ਼ਤਹਿ ਅਲੀ ਖ਼ਾਂ ਦੇ ਬਹੁਤ ਕਾਇਲ ਸਨ। ਜਲੰਧਰ ਜਦੋਂ ਦੇਵੀ ਤਲਾਬ ਮੰਦਰ ਵਿਖੇ 'ਹਰਵਲਭ ਸੰਗੀਤ ਸੰਮੇਲਨ' ਤੇ ਏਥੇ ਪਿਤਾ ਜੀ ਨਾਲ ਹੀ ਉਨ੍ਹਾਂ ਦੀ ਹੇਕ, ਗੁਫ਼ਤਾਰ ਅਤੇ ਨਗ਼ਮਿਆਂ ਵਿਚੋਂ ਸਦਾ ਬਹਾਰ ਰਹਿਣ ਵਾਲੀ ਅਵਾਜ਼ ਨੂੰ ਨੇੜੇ ਤੋਂ ਹੋ ਕੇ ਤੱਕਿਆ ਹੈ। ਉਨ੍ਹਾਂ ਦੀ ਆਵਾਜ਼ ਸੁਨਣ ਲਈ ਬੇਕਰਾਰ ਸਾਰੀ ਰਾਤ ਅਸੀਂ ਵੀ ਬੈਠੇ ਰਹਿੰਦੇ ਸਾਂ। ਉਨ੍ਹਾਂ ਦੀ ਆਵਾਜ਼ ਵਿਚ ਕਮਾਲ ਦਾ ਜਾਦੂ ਸੀ ਹਰ ਪਾਸੇ ਵਾਹ-ਵਾਹ ਹੁੰਦੀ ਸੀ।

ਇਸ ਮਹਾਨ ਫ਼ਨਕਾਰ ਅਤੇ ਮਹਾਨ ਸ਼ਾਇਰ ਸ਼ਿਵ ਬਟਾਲਵੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੈਨੂੰ ਭਾਜੀ ਗਿੱਲ ਸਾਹਿਬ ਅਤੇ ਭਾਜੀ ਲੱਖਾ ਸਿੰਘ ਜੀ ਨੇ ਬਹੁਤ ਹੀ ਉਤਸਾਹਿਤ ਕੀਤਾ। ਏਸੇ ਕਰਕੇ ਮੇਰੇ ਦਿਲ ਵਿਚ ਜੋ ਬਚਪਨ, ਜੁਆਨੀ ਤੋਂ ਇਨ੍ਹਾਂ ਫ਼ਨਕਾਰਾਂ ਲਈ ਸਤਿਕਾਰ ਭਰੇ ਵਲਵਲੇ ਚਲੇ ਆਉਂਦੇ ਸਨ ਮੈਂ ਤੁਛ ਜਿਹੀ ਕੋਸ਼ਿਸ਼ ਕੀਤੀ ਉਨ੍ਹਾਂ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿਚ ਸਮੇਟਣ ਦੀ, ਪਰ ਐਡੇ ਵੱਡੇ ਦਰਿਆਵਾਂ ਨੂੰ ਸ਼ਬਦਾਂ ਵਿਚ ਬੰਨਣਾ ਅਤੀ ਮੁਸ਼ਕਲ ਹੈ। ਮਹਾਨ ਸਾਹਿਤਕਾਰ ਭਾਜੀ ਗਿੱਲ ਸਾਹਿਬ ਜੀ ਦੇ ਪੰਜਾਬੀ ਸਭਿਆਚਾਰ ਨੂੰ ਅੰਤਰਰਾਸ਼ਟਰੀ ਪੱਧਰ ਉੱਪਰ ਫੈਲਾਉਣ, ਬਚਾਉਣ ਅਤੇ ਸੰਭਾਲਣ ਦੀ ਅਥਾਹ ਹਿੰਮਤ ਅਤੇ ਯਤਨਾਂ ਨੂੰ ਹਮੇਸ਼ਾਂ ਰਹਿੰਦੀ ਦੁਨੀਆ ਤਕ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੀ ਸਭਿਆਚਾਰਕ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਦੋਨੋਂ ਵੀਰ ਗਿੱਲ ਸਾਹਿਬ ਅਤੇ ਲੱਖਾ ਸਿੰਘ ਜੀ ਦੀ ਵਾਰ-ਵਾਰ ਸ਼ੁਕਰਗੁਜ਼ਾਰ ਹੁੰਦੀ ਹੋਈ। ਆਪ ਜੀ ਦੀ ਛੋਟੀ ਭੈਣ,




**ਪ੍ਰਿੰਸੀਪਲ ਡਾ. ਜਸਬੀਰ ਕੌਰ ਗਿੱਲ**

ਐੱਮ.ਏ., ਐੱਮ.ਫਿਲ., ਪੀਐਚ.ਡੀ. (ਗੋਲਡ ਮੈਡਲਿਸਟ)

ਮੈਨੇਜਿੰਗ ਡਾਇਰੈਕਟਰ

ਔਕਸਫੋਰਡ ਹਸਪਤਾਲ, ਜਲੰਧਰ

ਜਨਤਾ ਕੇਅਰ ਹਸਪਤਾਲ, ਜਲੰਧਰ

ਮੋਬਾਇਲ : 98140-62341




Sri Satguru Jagjit Singh Ji eLibrary NamdhariElibrary@gmail.com

# NATION'S PRIDE !



## Capt. Dr. Jasbir Kaur Gill

(M.A., M.Phil., Ph.D) Gold Medalist

**Declared All-Around Best**

Awarded with

**Commandant Medal**

At Woman Officer Training School at Gwalior

Jalandhar (Punjab), (M) : 98140-62341



Sri Satguru Jagjit Singh Ji eLibrary NamdhariElibrary@gmail.com

# The Intellectuals!
# The Most Influential Personalities in Great Britain



Sr. Lakha Singh Alias
Waryam Singh Sandhu,

Director & Presenter, Sangat National TV Network UK



Principal Gurmukh Singh OBE,
London.



Mrs. Kailash Puri

Novelist, Agony Aunt T.V. Asia & Ch.East. Columnist, Pardesan Weekly
Director, East-West Family Advisory Centre. Vice President, Women's Federation for World Peace U.K.
President, Punjabi Women Social & Cultural Society. U.K. Patron Woman of the Year Lunch 7 Assembly.
Ambassador for Peace.



S Kesar Singh Mand,

Journalist, Writer,
Founder member of Sri Guru Singh Sabha
Gurdwara Sahib Southall, West London



Sri Satguru Jagjit Singh Ji eLibrary NamdhariElibrary@gmail.com

# British Canadian!

*Our Proud Generation of tomorrows*



Kanwar Devinder Singh Gill,
Vancouver Canada



Princess KD
London England



Sri Satguru Jagjit Singh Ji eLibrary NamdhariElibrary@gmail.com

# ਮਾਂ ਨੂੰ ਪ੍ਰਣਾਮ



**-ਸੁਰਜਨ ਸਿੰਘ ਗਿੱਲ**

ਰੱਬ ਵਰਗਾ ਮਾਤਾ ਜੀ ਦਾ ਨਾਮ ਹੈ।
ਮਾਤਾ ਨੂੰ ਪ੍ਰਣਾਮ ਹੈ, ਪ੍ਰਣਾਮ ਹੈ।

ਜਣਨੀ ਭਗਤਾਂ, ਸੂਰਿਆਂ ਨੂੰ ਜਨਮਦੀ,
ਮਾਤਾ ਸਦਕੇ ਰਾਮ ਹੈ ਅਤੇ ਸ਼ਾਮ ਹੈ।

ਮਾਤਾ ਸਾਹਿਬ ਕੌਰ, ਮਾਤਾ ਪੰਥ ਦੀ,
ਮਾਤਾ ਹੈ ਤਾਂ ਮੌਲਦਾ ਗੁਰਧਾਮ ਹੈ।

ਮਾਤਾ ਸਭਿਆਚਾਰ ਨੂੰ ਹੈ ਪਾਲਦੀ,
ਬਾਕੀ ਜੀਵਨ ਯਾਤਰਾ, ਵਿਸਰਾਮ ਹੈ।

ਮਾਂ ਦਾ ਹਰ ਇੱਕ ਸ਼ਬਦ ਹਿਰਦਾ ਟੁੰਬਦਾ,
ਧੁਰ ਦੀ ਬਾਣੀ ਹੈ, ਇਹੋ ਇਲਹਾਮ ਹੈ।

ਮਾਂ ਦੀ ਲੋਰੀ ਸੁਗਮ ਹੈ, ਸੁਰਤਾਲ ਹੈ,
ਸ਼ੁਭ ਸੁਨੇਹਾ, ਰੱਬੀ ਇਹ ਪੈਗ਼ਾਮ ਹੈ।

ਮਾਂ ਨੂੰ ਹੈ ਸ਼ਰਧਾਂਜਲੀ ਘੱਲਾਂ ਵਾਲੇ 'ਗਿੱਲ' ਦੀ,
ਸੱਥ ਵਾਲੇ ਸੇਵਕਾਂ ਦੇ ਨਾਮ ਹੈ।

ਰੱਬ ਵਰਗਾ ਮਾਤਾ ਜੀ ਦਾ ਨਾਮ ਹੈ,
ਮਾਤਾ ਨੂੰ ਪ੍ਰਣਾਮ ਹੈ, ਪ੍ਰਣਾਮ ਹੈ।






Sri Satguru Jagjit Singh Ji eLibrary NamdhariElibrary@gmail.com

ਅੱਖੀਂ ਡਿੱਠਾ ਕੰਨੀ ਸੁਣਿਆਂ.......!!

# ਸ਼ਿਵ ਕੁਮਾਰ ਬਟਾਲਵੀ

**ਗੁਰਦੀਪ ਸਿੰਘ ਸੰਧੂ**

ਕਵਿਤਾ ਇੱਕ ਬੇਜੋੜ ਰਵਾਨੀ ਦਾ ਵਗਦਾ ਦਰਿਆ ਹੈ। ਪਿਆਰ ਵਿੱਚ ਮੋਏ ਹੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹੁੰਦੇ ਹਨ। ਕਵਿਤਾ ਧੁਰ ਦਰਗਾਹੋਂ ਆਈ ਹੈ ਮਨੁੱਖਤਾ ਦੇ ਉਦੈ ਹੋਣ ਦੇ ਨਾਲ ਹੀ। ਦੁਨੀਆ ਦੇ ਬਹੁਤੇ ਗ੍ਰੰਥ, ਵੇਦ ਅਤੇ ਕੁਰਾਨੇ ਪਾਕ ਵਰਗੀਆਂ ਪਵਿੱਤਰ ਕਿਤਾਬਾਂ ਕਵਿਤਾ ਵਿੱਚ ਹੀ ਲਿਖੀਆਂ ਗਈਆਂ। ਦਰਿਆਵਾਂ ਦੇ ਕੰਢਿਆਂ ਦੇ ਨਾਲ-ਨਾਲ ਪੰਜਾਬੀਆਂ ਦਾ ਵਸੇਬਾ ਹੋਣ ਕਾਰਨ ਸ਼ੂਕਦੇ ਪਾਣੀਆਂ, ਪੱਤਿਆਂ ਦੀ ਖੜ-ਖੜ, ਝਰਨਿਆਂ ਦੀਆਂ ਸੁਨਹਿਰੀ ਧਾਰਾਂ ਦੀ ਆਵਾਜ਼ ਪੰਜਾਬੀ ਕਵਿਤਾ ਦੀ ਜਨਮ ਦਾਤੀ ਬਣੀ।

ਜ਼ਿੰਦਗੀ ਦੀਆਂ ਚਾਰ ਲੰਮੀਆਂ ਯਾਤਰਾਵਾਂ ਕਰਦੇ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਆਪਣੀਆਂ ਕਵਿਤਾਵਾਂ ਨਾਲ ਲੋਕਾਈ ਨੂੰ ਕੀਲ ਕੇ ਰੱਖ ਦਿੱਤਾ। ਦਾਤਾਰ ਨੇ ਆਪਣੇ ਆਪ ਨੂੰ ਪ੍ਰਮਾਤਮਾ ਦਾ ਸ਼ਾਇਰ ਆਖਿਆ ਹੈ।

*ਨਾਨਕ ਸ਼ਾਇਰ ਇਵ ਕਹਿਆ॥*

ਨੂਰੀ ਪੀਤਮ ਜਦੋਂ ਬਟਾਲੇ ਵਿਆਹੁਣ ਗਏ ਤਾਂ ਲੋਕ ਗੀਤ ਗਾ ਰਹੀਆਂ ਸੁਆਣੀਆਂ ਨੇ ਗੀਤਾਂ ਵਿੱਚ ਕੱਚੀ ਕੰਧ ਦਾ ਜ਼ਿਕਰ ਕੀਤਾ ਤਾਂ ਜਾਣੀਜਾਣ ਪੂਰਨ ਪੈਗ਼ੰਬਰ ਨੇ ਬਟਾਲੇ ਦੀ ਕੰਧ ਨੂੰ ਜੁਗਾਂ-ਜੁਗਾਂ ਤੱਕ ਖੜ੍ਹੀ ਰਹਿਣ ਦਾ ਵਰ ਦਿੱਤਾ। ਬਟਾਲਾ ਕਿਸੇ ਸਮੇਂ ਲੋਹੇ ਦੇ ਸ਼ਹਿਰ ਵਜੋਂ ਜਾਣਿਆ ਜਾਂਦਾ ਸੀ। ਪਰ ਪੰਜਾਬ ਵਿੱਚ ਆਈ ਆਰਥਿਕ ਮੰਦਹਾਲੀ ਨੇ ਫ਼ਸਲਾਂ ਤੇ ਇੰਡਸਟਰੀ ਦਾ ਲੱਕ ਤੋੜ ਦਿੱਤਾ ਜਿਸ ਦੀ ਮਾਰ ਬਟਾਲੇ 'ਤੇ ਵੀ ਪਈ। ਜਦ ਵੀ ਕਦੀ ਅਜੋਕੇ ਸਮੇਂ ਦੇ ਕੌਮੀ ਸੂਰਬੀਰਾਂ ਦਾ ਇਤਿਹਾਸ ਲਿਖਿਆ ਜਾਏਗਾ। ਉਸ ਸਮੇਂ ਵੀ ਸ਼ਹੀਦੀਆਂ ਤੇ ਸੰਗਰਾਮ ਦੀ ਅਗਵਾਈ ਲਈ ਬਟਾਲੇ ਦਾ ਨਾਮ ਹਮੇਸ਼ਾਂ ਉੱਪਰ ਰਹੇਗਾ ਕਿ ਇਸ ਇਲਾਕੇ ਦੇ ਯੋਧਿਆਂ ਨੇ ਕਿਵੇਂ ਪਾਲੇ ਹੋਏ ਬੋਲ ਪੂਰੇ ਕੀਤੇ ਸਨ।

ਪੰਜਾਬੀ ਕਵਿਤਾ ਨਾਲ ਮੈਨੂੰ ਦਿਲੋਂ ਪਿਆਰ ਹੈ, ਇਸ਼ਕ ਹੈ, ਵਫ਼ਾਈ ਹੈ ਜੋ ਨਿਭਾਈ ਜਾ ਰਹੇ ਹਾਂ। ਇੱਕ ਦਿਨ ਮੇਰੇ ਸੱਜਣ ਪਿਆਰੇ ਸ੍. ਸੁਰਜਨ ਸਿੰਘ ਗਿੱਲ ਦਾ ਹੈਲੋ-ਹੈਲੋ 'ਤੇ ਸੰਦੇਸ਼ ਮਿਲਿਆ ਕਿ ਪੰਜਾਬ ਦੇ ਮਹਾਨ ਕਵੀ 'ਸ਼ਿਵ ਕੁਮਾਰ' ਬਾਰੇ ਮੈਂ ਛੋਟਾ ਜਿਹਾ ਆਰਟੀਕਲ ਕਲਮਬੰਦ ਕਰਾਂ। ਫ਼ਾਰਸੀ ਦਾ ਇੱਕ ਲਫ਼ਜ਼ ਹੈ "ਸ਼ਹਾਦਤ" ਜਿਸਦਾ ਅਰਥ ਹੈ ਗਵਾਹੀ ਦੇਣੀ, ਮੈਂ ਹਮੇਸ਼ਾਂ ਮੌਲਿਕ ਰਚਨਾ ਨੂੰ ਪਹਿਲ ਦਿੱਤੀ ਹੈ, ਆਪਣੇ ਤੁੱਛ ਜਿਹੇ ਲਫ਼ਜ਼ ਕਾਗਜ਼ਾਂ 'ਤੇ ਉਕਰਦਿਆਂ ਜੋ ਵਿਸਮਾਦੀ ਆਨੰਦ ਆਉਂਦਾ ਹੈ ਉਹ ਬਿਆਨ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਸਾਧੂਆਂ, ਫ਼ੱਕਰਾਂ ਦੇ ਡੇਰਿਆਂ, ਵੱਡੇ ਕਵੀ ਦਰਬਾਰਾਂ, ਕਾਨਫ਼ਰੰਸਾਂ ਤੇ ਗੋਸ਼ਟੀਆਂ, ਵਿਚਾਰਵਾਨਾਂ ਤੇ ਬੁੱਧੀਜੀਵੀਆਂ ਸਿਆਸੀ ਲੀਡਰਾਂ ਤੇ ਦੇਸ਼ ਭਗਤਾਂ ਨੂੰ ਨੇੜੇ ਹੋ ਕੇ ਵੇਖਣ ਸੁਣਨ ਦਾ



ਮੌਕਾ ਮਿਲਿਆ ਹੈ ਉਨ੍ਹਾਂ ਦੇ ਚੰਗੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰਕੇ ਪੂਰੇ ਮਾਣ ਨਾਲ ਹੀ ਕਲਮ ਦਾ ਸਫ਼ਰ ਸ਼ੁਰੂ ਕੀਤਾ ਸੀ, ਜਿਸ ਦਾ ਪੰਧ ਅਜੇ ਵੀ ਜਾਰੀ ਹੈ। ਸੋ ਸ਼ਿਵ ਕੁਮਾਰ ਬਾਰੇ ਆਮ ਪਰੰਪਰਾ ਤੋਂ ਪਰ੍ਹੇ ਹੱਟ ਕੇ ਲਿਖਣ ਦਾ ਛੋਟਾ ਜਿਹਾ ਯਤਨ ਇੱਕ ਨਿੱਘੀ ਸ਼ਰਧਾਂਜ਼ਲੀ ਹੈ।

1966 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ ਮਨਾਈ ਗਈ ਤਾਂ ਉਸ ਵੇਲੇ ਜਲੰਧਰ ਰੇਡੀਉ ਤੋਂ ਸ਼ਿਵ ਨੇ ਕਵੀ ਦਰਬਾਰ ਵਿੱਚ ਨਜ਼ਮ ਪੜ੍ਹੀ :

*ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ*
*ਤੇਰੀ ਆਰਤੀ ਕਰਾਂ*
*ਮੇਰਾ ਕੋਈ ਗੀਤ ਐਸਾ ਨਹੀਂ ਜੋ*
*ਤੇਰੇ ਮੇਚ ਆ ਜਾਵੇ*
*ਭਰੇ ਦਰਬਾਰ ਵਿੱਚ ਜਾ ਕੇ ਤੇ*
*ਆਪਣਾ ਸਿਰ ਕਟਾ ਆਵੇ*
*ਕਿਵੇਂ ਤਲਵਾਰ ਦੀ ਗਾਨੀ ਮੈਂ ਆਪਣੇ*
*ਗੀਤ ਗਲ ਪਾਵਾਂ।*

ਮੈਂ ਜਾਣਦਾ ਹਾਂ ਕਿ ਬਹੁਤੇ ਲੋਕ ਸ਼ਿਵ ਨੂੰ ਇਸ਼ਕ ਮੁਸ਼ਕ ਦਾ ਕਵੀ ਹੀ ਸਮਝਦੇ ਸਨ। ਉਸ ਅੰਦਰ ਜੋ ਇਨਕਲਾਬੀ ਜਨੂੰਨ ਤੇ ਕੌਮੀ ਤੇ ਧਾਰਮਿਕ ਭਾਵਨਾ ਸੀ ਉਸ ਵੱਲ ਕਦੇ ਕਿਸੇ ਦਾ ਖ਼ਿਆਲ ਹੀ ਨਹੀਂ ਗਿਆ। 1969 ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਪੰਜ ਸੌਵੀਂ ਜਨਮ ਸ਼ਤਾਬਦੀ ਮਨਾਈ ਗਈ, ਜਿਵੇਂ ਮੁੱਖ ਜ਼ਸ਼ਨ ਸੁਲਤਾਨਪੁਰ ਲੋਧੀ ਦੀ ਧਰਤੀ 'ਤੇ ਮਨਾਏ ਗਏ। ਸੁਲਤਾਨਪੁਰ ਲੋਧੀ ਅਤੇ ਅੰਮ੍ਰਿਤਸਰ ਦੀਵਾਨ ਹਾਲ ਮੰਜੀ ਸਾਹਿਬ ਵਿੱਚ ਭਾਰਤ ਸਰਕਾਰ ਵਲੋਂ ਲਾਈਟ ਤੇ ਸਾਊਂਡ ਦਾ ਪ੍ਰੋਗਰਾਮ ਸਮੇਂ-ਸਮੇਂ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਗਿਆ ਜਿਸ ਵਿੱਚ ਸ਼ਿਵ ਬਾਬਾ ਜੀ ਪ੍ਰਤੀ ਗੀਤ ਗਾ ਕੇ ਸਿੱਖ ਹਿਰਦਿਆਂ ਨੂੰ ਕੀਲ ਲਿਆ। ਕਰਤਾਰਪੁਰ ਦੀ ਧਰਤੀ ਤੇ ਵਾਪਸ ਪਹੁੰਚੇ ਗੁਰੂ ਨਾਨਕ ਦੇ ਜੀਵਨ 'ਤੇ ਜੋ ਦਰਦ ਬਿਆਨੀ ਸ਼ਿਵ ਨੇ ਕੀਤੀ ਕੁਝ ਇਸ ਤਰ੍ਹਾਂ ਹੈ :-

*ਘੁੰਮ ਚਾਰੇ ਚੱਕ ਜਹਾਨ ਦੇ*
*ਜਦ ਘਰ ਆਇਆ ਕਰਤਾਰ।*
*ਕਰਤਾਰ ਪੁਰੇ ਦੀ ਨਗਰੀ*
*ਜਿਦ੍ਹੇ ਗਲ ਰਾਵੀ ਦਾ ਹਾਰ।*
*ਜਿਦ੍ਹੇ ਝਿੰਮ ਝਿੰਮ ਪਾਣੀ ਲਿਸ਼ਕਦੇ*
*ਜਿਹਦੀ ਚਾਂਦੀ ਵੰਨੀਂ ਧਾਰ*
*ਲਾਹ ਬਾਣਾ ਜੱਗ ਫਕੀਰ ਦਾ*
*ਮੁੜ ਮੱਲਿਆ ਆ ਸੰਸਾਰ।*

ਜੰਡਿਆਲਾ ਮੰਜਕੀ (ਜਲੰਧਰ) ਵਿੱਚ 1971 ਨੂੰ ਹੋਏ ਕਵੀ ਦਰਬਾਰ ਵਿੱਚ ਸ਼ਿਵ ਨੇ ਜਦੋਂ ਨਜ਼ਮ ਪੜ੍ਹੀ ਤਾਂ ਲੋਕ ਅੱਸ਼-ਅੱਸ਼ ਕਰ ਉੱਠੇ, ਉਸਨੇ ਆਪਣੇ ਸ਼ਹਿਨਸ਼ਾਹ ਅੰਦਾਜ਼ ਵਿੱਚ ਕੰਨ 'ਤੇ ਹੱਥ ਰੱਖ ਕੇ ਹੇਕ ਲਾਈ :-

*ਭੱਠੀ ਵਾਲੀਏ ਚੰਬੇ ਦੀਏ ਡਾਲੀਏ*
*ਨੀ ਪੀੜਾਂ ਦਾ ਪਰਾਗਾ ਭੁੰਨ ਦੇਹ।*

ਵਾਰ ਵਾਰ ਸ਼ਿਵ ਨੂੰ ਸੁਣਨ ਦੀਆਂ ਚਿਟਾਂ ਆਉਂਦੀਆਂ ਰਹੀਆਂ, ਬਾਕੀ ਕਵੀਆਂ ਨੂੰ ਭਲਾ ਕਿਸ ਸੁਣਨਾ ਸੀ। ਫਿਰ ਸ਼ਿਵ ਪੰਚ ਰਤਨੀ ਦੇ ਨਸ਼ੇ ਵਿੱਚ ਝੂੰਮਦਾ ਹੋਇਆ ਮਾਈਕਰੋਫੋਨ ਦੇ ਸਟੈਂਡ ਨੂੰ ਫੜ ਕੇ ਮਸਾਂ ਹੀ ਖੜ੍ਹਾ ਹੋਇਆ ਤੇ ਆਪਣੀ ਸੁਰੀਲੀ ਆਵਾਜ਼ 'ਚੋਂ ਗੀਤ ਗਾਇਆ।

*ਅਸਾਂ ਤਾਂ ਜੋਬਨ ਰੁੱਤੇ ਮਰਨਾ*
*ਤੁਰ ਜਾਣਾ ਅਸਾਂ ਭਰੇ ਭਰਾਏ*

1972 ਦੀ ਦਸੰਬਰ ਦੀ ਠਰਦੀ ਰਾਤ ਨੂੰ ਨਕੋਦਰ ਵਿੱਚ ਕਵੀ ਦਰਬਾਰ ਹੋ ਰਿਹਾ ਸੀ, ਜਿਸ ਵਿੱਚ ਸਿਰਫ਼ ਸ਼ਿਵ ਕੁਮਾਰ ਨੂੰ ਸੁਨਣ ਲਈ ਹੀ ਅਮੀਰ ਘਰਾਂ ਦੇ ਮੁੰਡੇ ਕੁੜੀਆਂ ਬੇਤਾਬ ਸਨ। ਉਨ੍ਹਾਂ ਦਿਨਾਂ ਵਿੱਚ ਇਨਕਲਾਬ ਦੀਆਂ ਗੱਲਾਂ ਕਾਲਜੀ ਵਿਦਿਆਰਥੀਆਂ ਵਿੱਚ ਵਧੇਰੇ ਭਾਰੀ ਸਨ। ਇਨਕਲਾਬ ਨੂੰ ਮੋਢਿਆਂ 'ਤੇ ਪਾਏ ਥੈਲਿਆਂ ਵਿੱਚ ਲਮਕਾਈ ਫਿਰਦੇ ਖੁਰਦਰੇ ਬਾਣੇ ਵਿੱਚ ਸਜੇ ਕਵੀ ਜਨ ਪੁੱਜੇ। ਉਨ੍ਹਾਂ ਦਿਨਾਂ ਵਿੱਚ ਖੱਦਰ ਦਾ ਬਾਣਾ, ਚੱਪਲਾਂ ਤੇ ਮੋਢਿਆਂ ਤੇ ਗਾਂਧੀ ਬਰਾਂਡ ਥੈਲਾ ਲਮਕਾਉਣਾ ਕਵੀ ਜਾਂ ਸਾਹਿਤਕਾਰ ਹੋਣ ਦੀ ਨਿਸ਼ਾਨੀ ਹੁੰਦੀ ਸੀ। ਪਰ ਅਸਾਂ ਜਿੰਨੀ ਵਾਰ ਵੀ ਸ਼ਿਵ ਨੂੰ ਸਟੇਜ 'ਤੇ ਜਲਵਾਗਰ ਹੁੰਦਿਆਂ ਵੇਖਿਆ, ਥਰੀ ਪੀਸ ਸੂਟ, ਟਾਈ, ਘੜੀ, ਵਧੀਆ ਪੈਨ ਤੇ ਪੈਰੀਂ ਸੁਹਣੇ ਬੂਟ ਪਾਈ ਹੀ ਵੇਖਿਆ ਸੀ। ਦੂਰੋਂ ਵੇਖਿਆਂ ਉਹ ਐਕਟਰ ਲੱਗਦਾ ਸੀ, ਸਲੀਕੇ ਨਾਲ ਬੋਲਣਾ, ਵਧੀਆ ਲਤੀਫਾਬਾਜ਼ੀ ਤੇ ਵਧੀਆ ਭੂੰਡੀ ਰੰਗੀ ਉਸਦੇ ਰੰਗੀਨ ਮਿਜਾਜ਼ ਜੀਵਨ ਦਾ ਹਿੱਸਾ ਸਨ।

ਨਕੋਦਰ ਦੀ ਸਟੇਜ 'ਤੇ ਜਦੋਂ ਸ਼ਿਵ ਨੇ ਗਭਰੂ ਤੇ ਮੁਟਿਆਰਾਂ ਦੀ ਮੰਗ ਤੇ ਆਪਣੀ ਨਜ਼ਮ ਪੜ੍ਹੀ ਤਾਂ ਚਾਰੇ ਪਾਸੇ ਚੁੱਪ ਚਾਪ ਛਾ ਗਈ।

*ਰੋਗ ਬਣਕੇ ਰਹਿ ਗਿਆ ਹੈ*
*ਪਿਆਰ ਤੇਰੇ ਸ਼ਹਿਰ ਦਾ*
*ਮੈਂ ਮਸੀਹਾ ਵੇਖਿਆ*
*ਬਿਮਾਰ ਤੇਰੇ ਸ਼ਹਿਰ ਦਾ*
*ਇਸ ਦੀਆਂ ਗਲੀਆਂ*
*ਮੇਰੀ ਚੜ੍ਹਦੀ ਜਵਾਨੀ ਖਾ ਲਈ*
*ਕਿੰਜ ਕਰਾਂ ਮੈਂ ਦੋਸਤਾ*
*ਇਜਹਾਰ ਤੇਰੇ ਸ਼ਹਿਰ ਦਾ।*

ਲੋਕਾਂ ਦੇ ਦਿਲਾਂ 'ਤੇ ਜਾਦੂ ਧੂੜ ਦਿੱਤਾ। ਬਸ ਫਿਰ ਕੀ ਸੀ ਕਿ ਥੈਲਿਆਂ ਵਾਲੇ ਇਨਕਲਾਬੀਆਂ 'ਚੋਂ ਇੱਕ ਸਟੇਜ 'ਤੇ ਆਇਆ ਤੇ ਉਸਨੇ ਸ਼ਿਵ ਦੀ ਲਾਹ ਪਾਹ ਕਰਨੀ ਸ਼ੁਰੂ ਕਰ ਦਿੱਤੀ ਕਿ ਇਹ ਇਸ਼ਕ ਮੁਸ਼ਕ ਦਾ ਕਵੀ ਹੈ, ਇਹ ਸਰਮਾਏਦਾਰਾਂ ਦਾ ਕਵਿਤਾ ਰਾਹੀਂ ਮਨੋਰੰਜਨ ਕਰਦਾ ਹੈ ਤਾਹਿਉਂ ਤੇ ਇਸ ਨੇ ਐਡਾ ਮਹਿੰਗਾ ਸੂਟ, ਘੜੀ ਤੇ ਟਾਈ ਪਹਿਨੇ ਹਨ। ਸਾਡੇ ਵੱਲ ਵੇਖੋ, ਅਸੀਂ ਦਸੂਤੀ ਬਾਣੇ ਪਹਿਨ ਕੇ ਇਨਕਲਾਬ ਵੱਲ ਤੁਰੇ ਹਾਂ। ਏਨਾਂ ਸੁਣਦਿਆਂ ਹੀ ਸ਼ਿਵ ਬੜੀ ਅਧੀਨਗੀ ਨਾਲ ਉੱਠਿਆ ਤੇ ਮਾਇਕ ਫੜਦੇ ਸਾਰ ਹੀ ਕਹਿਣ ਲੱਗਾ ਕਿ ਜੇ ਮੇਰੀ ਟਾਈ ਕੋਟ ਤੇ ਘੜੀ ਨਾਲ ਹੀ ਇਨਕਲਾਬ ਆ ਸਕਦਾ ਹੈ ਤਾਂ ਐਹ ਲਵੋ, ਉਸਨੇ ਗਲ ਪਾਈ ਜੈਕਟ, ਟਾਈ ਤੇ ਘੜੀ ਲੋਕਾਂ ਦੇ ਹਜੂਮ ਵੱਲ ਵਗਾਹ ਕੇ ਮਾਰੀ। ਸਟੇਜ 'ਤੇ ਖਲਬਲੀ ਮਚ ਗਈ ਤੇ ਕਵੀ ਦਰਬਾਰ ਵਿਚੇ ਹੀ ਅਧੂਰਾ ਰਹਿ ਗਿਆ। ਲੋਕਾਂ ਨੇ ਸ਼ਿਵ ਨੂੰ ਸਟੇਜ ਤੋਂ ਉਤਰਦਿਆਂ ਹੀ ਗਲ ਨਾਲ ਲਾ ਲਿਆ ਤੇ ਦਸੂਤੀਆਂ ਨੂੰ ਰੱਜ ਕੇ ਫਿਟਕਾਰ ਪਾਈ। ਸ਼ਿਵ ਕੁਮਾਰ ਲੋਕਾਂ ਦਾ ਕਵੀ ਸੀ, ਲੋਕ ਹਿਤਾਂ ਦੇ ਪਹਿਰੇਦਾਰ ਤੇ ਮਾਂ ਬੋਲੀ ਪੰਜਾਬੀ ਦਾ ਟਹਿਲੂਆ। ਅਸੀਂ ਸ਼ਿਵ ਨੂੰ ਕਵੀ ਦਰਬਾਰਾਂ ਵਿੱਚ ਸੁਣਿਆ ਤੇ ਯਾਰਾਂ ਦੀਆਂ ਮਹਿਫ਼ਲਾਂ ਵਿੱਚ ਆਹਮੋ ਸਾਹਮਣੇ ਬੈਠ ਕੇ ਵੀ। ਸ਼ਹੀਦਾਂ ਸਬੰਧੀ ਨਜ਼ਮ ਪੜ੍ਹਦਾ ਪੜ੍ਹਦਾ ਉਹ ਡਾਢਾ ਭਾਵੁਕ ਹੋ ਜਾਇਆ ਕਰਦਾ ਸੀ।

*ਧਰਤੀ ਉੱਪਰ*
*ਜਿੰਨੇ ਵੀ ਨੇ ਫੁੱਲ ਖਿੜਦੇ*
*ਉਹ ਨੇ ਸਾਰੇ*
*ਖ਼ਾਬ ਸ਼ਹੀਦਾਂ ਦੇ ਦਿਲ ਦੇ।*
*ਫੁੱਲ ਉਨ੍ਹਾਂ ਦੇ*
*ਲਹੂਆਂ ਨੂੰ ਹੀ ਲਗਦੇ ਨੇ।*
*ਮੌਤ ਸ਼ਹੀਦਾਂ ਦੀ*
*ਜੋ ਲੋਕੀਂ ਮਰਦੇ ਨੇ।*

ਪੰਜਾਬ ਦੇ ਕਵੀ ਦਰਬਾਰ ਸ਼ਿਵ ਤੋਂ ਬਿਨਾਂ ਅਧੂਰੇ ਸਨ। ਉਹ ਕਾਲਜਾਂ ਯੂਨੀਵਰਸਟੀਆਂ ਵਿੱਚ ਬੋਲਿਆ। ਉਸ ਜਿੰਨੀ ਪ੍ਰਸ਼ੰਸਾ ਅੱਜ ਤੱਕ ਕਿਸੇ ਵੀ ਕਵੀ ਨੂੰ ਨਹੀਂ ਮਿਲੀ। ਉਹ ਲਫ਼ਜ਼ਾਂ ਦਾ ਸਮੁੰਦਰ ਸੀ, ਨਿਮਰਤਾ ਦਾ ਮੁਜੱਸਮਾ ਤੇ ਸਟੇਜ ਦਾ ਧਨੀ ਸ਼ਾਹ ਅਸਵਾਰ।

ਵਲੈਤੋਂ ਵਾਪਸ ਗਿਆ ਉਹ ਮੁੜ ਕੇ ਰਾਜੀ ਨਾ ਹੋਇਆ, ਬਿਮਾਰੀ ਨਾਲ ਘੋਲ ਕਰਦਾ ਰਿਹਾ। ਉਹੀ ਬਿਮਾਰੀ ਤੇ ਗ਼ਰੀਬੀ ਜੋ ਨੰਦ ਲਾਲ ਨੂਰਪੁਰੀ ਨੂੰ ਲੈ



ਡੁੱਬੀ ਸੀ। ਸਾਡੀਆਂ ਸਰਕਾਰਾਂ ਤੇ ਲੀਡਰਾਂ ਨੂੰ ਇਹ ਬਾਣ ਹੈ ਕਿ ਇਹ ਮਰੇ ਹੋਏ ਦੀ ਲਾਸ਼ ਤੇ ਲੀਡਰੀ ਚਮਕਾਉਂਦੇ ਹਨ। ਉਸਦੇ ਮਰਨ ਤੋਂ ਬਾਅਦ ਉਸਦੀ ਯਾਦ ਤੇ ਸ਼ਾਇਰੀ ਸੰਭਾਲਣ ਲਈ ਕਈ ਵਾਇਦੇ ਕੀਤੇ ਗਏ, ਉਹੀ ਵਾਇਦੇ ਜੋ ਕਦੀ ਵਫ਼ਾ ਨਹੀਂ ਹੁੰਦੇ ਸੋ ਸਚਮੁੱਚ ਹੀ ਕਵਿਤਾ ਇਕ ਸੂਖ਼ਮ ਮਜ਼ਮੂਨ ਹੈ ਜੋ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ। ਇੱਕ ਗੱਲ ਹੋਰ ਦੱਸਦਾ ਜਾਵਾਂ ਬਟਾਲੇ ਵਿੱਚ ਉਸ ਸਮੇਂ ਪੰਡਤ ਗੋਪਾਲ ਦਾਸ ਗੋਪਾਲ ਬਟਾਲਵੀ ਨੇਤਰ ਹੀਣ ਕਵੀ ਹੋਇਆ, ਜੋ ਸਟੇਜ ਦਾ ਬਾਦਸ਼ਾਹ ਸੀ। ਉਸ ਨੇ ਵੀ ਸ਼ਿਵ ਦੀ ਬਹੁਤ ਪ੍ਰਸੰਸਾ ਕੀਤੀ। ਕਿਤੇ-ਕਿਤੇ ਸਟੇਜਾਂ 'ਤੇ ਦੋਵੇਂ ਬਟਾਲਵੀ ਇਕੱਠੇ ਹੋ ਜਾਇਆ ਕਰਦੇ ਸਨ। ਸ਼ਿਵ ਕੁਮਾਰ ੮ ਮਈ ੧੯੭੩ ਨੂੰ ਪੀੜਾਂ ਦਾ ਪਰਾਗਾ ਲੈ ਕੇ ਵਾਜਵੰਤੀ ਸੰਗ ਆਟੇ ਦੀਆਂ ਚਿੜੀਆਂ ਬਣਾਉਂਦਾ ਹੋਇਆ, "ਮੈਨੂੰ ਵਿਦਾ ਕਰੋ ਦੀ ਰੱਟ ਲਾਈ, ਬਿਰਹਾ ਤੂੰ ਸੁਲਤਾਨ ਤੇ ਦਰਦਮੰਦਾਂ ਦੀਆਂ ਆਹੀਂ ਸੀਨੇ ਵਿੱਚ ਲੁਕੋ ਕੇ ਲੂਣਾ ਨੂੰ ਅਮਰ ਕਰਦਾ ਹੋਇਆ, ਮੈਂ ਤੇ ਮੈਂ ਦਾ ਸਫ਼ਰ ਕਰਦਿਆਂ ਮਾਂ ਪੰਜਾਬੀ ਦੀ ਆਰਤੀ ਉਤਾਰਦਾ ਹੋਇਆ ਉਸ ਜਗ੍ਹਾ ਜਾ ਪੁੱਜਾ ਜਿੱਥੋਂ ਕਦੇ ਵੀ ਕੋਈ ਮੁੜ ਕੇ ਨਹੀਂ ਆਇਆ।

*ਏਸੇ ਰਾਹ ਤੇ ਨੂਰਪੁਰੀ,*
*ਯੁਮਨ ਤੁਰ ਗਏ।*
*ਮੁੜਕੇ ਪਰਤੇ ਨਹੀਂ*
*ਝਾਕੇ ਨਿਬੇੜ ਦਿੱਤੇ।*
*ਜ਼ਖ਼ਮ ਮਾਂ ਪੰਜਾਬੀ ਦੇ*
*ਸੁਕਣੇ ਨਹੀਂ*
*ਸ਼ਿਵ ਦੀ ਮੌਤ ਨੇ*
*ਜਿਹੜੇ ਉਚੇੜ ਦਿੱਤੇ।*

ਕਾਸ਼! ਪੰਜਾਬੀਆਂ ਨੂੰ ਆਪਣਾ ਵਿਰਸਾ, ਆਪਣੇ ਕਵੀ ਤੇ ਸਾਹਿਤਕਾਰ ਸੰਭਾਲਣ ਦੀ ਸੋਝੀ ਆ ਜਾਵੇ। ਇਨ੍ਹਾਂ ਤੁਛ ਜਿਹੇ ਸ਼ਬਦਾਂ ਨਾਲ ਆਪਣੀ ਗਵਾਹੀ ਇਹ ਲੋਕ ਗੀਤ ਦੀਆਂ ਸਤਰਾਂ ਨੂੰ ਮੁੜ ਦੁਹਰਾਉਂਦੇ ਹਾਂ, ਦਿਲ ਦੀ ਹੂਕ ਜੋ ਵੇਦਨਾ ਵਿੱਚ ਬਦਲਦੀ ਹੈ। ਆਮੀਨ!!

*ਅੱਖੀਂ ਡਿੱਠਾ ਕੰਨੀਂ ਸੁਣਿਆਂ,*
*ਇਹ ਬੇਕਦਰਾਂ ਦੀ ਦੁਨੀਆ।*



Sri Satguru Jagjit Singh Ji eLibrary NamdhariElibrary@gmail.com

*ਹਜ਼ਾਰੋਂ ਸਾਲ ਨਰਗਿਸ ਆਪਨੀ ਬੇਨੂਰੀ ਪੇ ਰੋਤੀ ਹੈ*
*ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ*

## ਪੱਛਮ ਵਿੱਚ ਗੁਰਸਿੱਖੀ ਦਾ ਅਲਮਬਰਦਾਰ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਮਹਾਨ ਪਹਿਰੇਦਾਰ

# ਮੋਹ ਮਿੱਤਰਾਂ ਦਾ ਸੁਰਜਨ ਸਿੰਘ ਗਿੱਲ



ਪੰਜਾਬ ਦੀ ਜਰਖੇਜ਼ ਮਿੱਟੀ ਨੇ ਪੀਰਾਂ, ਫ਼ਕੀਰਾਂ, ਵਲੀ, ਔਲੀਏ, ਸੰਤਾਂ, ਭਗਤਾਂ ਤੇ ਮਹਾਂਪੁਰਸ਼ਾਂ ਨੂੰ ਜਨਮ ਦਿੱਤਾ। ਪੰਜਾਬ ਦੀ ਧਰਤੀ ਤੇ ਹੀ ਵੇਦਾਂ ਦੀ ਰਚਨਾ ਹੋਈ। ਰਮਾਇਣ ਦੀ ਗਾਥਾ ਮਹਾਂਰਿਸ਼ੀ ਬਾਲਮੀਕ ਨੇ ਸ੍ਰੀ ਅੰਮ੍ਰਿਤਸਰ ਲਾਗੇ ਰਾਮ ਤੀਰਥ ਨਾਮ ਦੇ ਇਤਿਹਾਸਿਕ ਅਸਥਾਨ ਤੇ ਰਚ ਕੇ ਇਸ ਨੂੰ ਸਦਾ ਲਈ ਪੂਜਣ ਯੋਗ ਬਣਾ ਦਿੱਤਾ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਉਸਾਰੀ ਵੇਲੇ ਇਸ ਪਵਿੱਤਰ ਰੱਬੀ ਮੰਦਰ ਦੀ ਸੰਗੇ ਬੁਨਿਆਦ, ਨੀਂਹ ਪੱਥਰ ਜਾਂ ਫ਼ਾਉਂਡੇਸ਼ਨ ਸਟੋਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹੁੰਚੇ ਹੋਏ ਰੱਬੀ ਦਰਗਾਹ ਦੇ ਫ਼ਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਕੇ ਮੇਰੀ ਕੌਮ ਨੂੰ ਸੱਚੇ ਸੁੱਚੇ ਫ਼ਕੀਰਾਂ ਤੇ ਭਗਤਾਂ ਦੇ ਅਹਿਸਾਨਾਂ ਥੱਲੇ ਦੱਬ ਦਿੱਤਾ। ਗੁਰੂ ਨਾਨਕ ਪਾਤਿਸ਼ਾਹ ਨੇ ਆਪਣੀ ਜ਼ਿੰਦਗੀ ਦੀਆਂ ਚਾਰ ਲੰਮੀਆਂ ਯਾਤਰਾਵਾਂ Long Journeys ਭਾਵ ਉਦਾਸੀਆਂ ਵੇਲੇ ਵੱਖ-ਵੱਖ ਕੌਮਾਂ ਤੇ ਮੁਲਕਾਂ ਨਾਲ ਰਾਬਤਾ ਕਾਇਮ ਕਰਕੇ ਚੰਗੇ ਤੇ ਸੁਚੱਜੇ ਵਿਚਾਰ ਪੰਜਾਬ ਵਾਸੀਆਂ ਨੂੰ ਦਿੱਤੇ। ਜਿਸ ਕਾਰਨ ਅੱਜ ਸਮੁੱਚੀ ਦੁਨੀਆ ਵਿੱਚ ਸਿਰਫ਼ ਚੰਦ ਨੂੰ ਛੱਡ ਕੇ ਨੂਰੀ ਪ੍ਰੀਤਮ ਦੇ ਪੈਰੋਕਾਰਾਂ ਨੇ ਆਪਣੀ ਨੇਕ ਨੀਅਤੀ ਤੇ ਮਿਹਨਤ ਦੀ ਧਾਂਕ ਜਮਾ ਕੇ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਦਾ ਨਾਹਰਾ ਵਿਸ਼ਵ ਆਕਾਸ਼ ਵਿੱਚ ਗੁੰਜਾਇਆ ਹੈ। ਕਦੇ ਸਮਾਂ ਸੀ ਜਦੋਂ ਪੰਜਾਬ ਵਾਸੀ ਖ਼ੁਸ਼ਕ ਰਸਤੇ ਥਾਣੀਂ ਪ੍ਰਦੇਸਾਂ ਨੂੰ ਤੁਰੇ ਸਨ। ਜਾਪਾਨ ਦੀ ਕੋਬੇ ਬੰਦਰਗਾਹ, ਫ਼ਿਜ਼ੀ ਆਈਲੈਂਡ, ਪੁਰਾਨਾ ਤੇਲੀਆ (ਆਸਟ੍ਰੇਲੀਆ) ਅਮਰੀਕਾ, ਕੈਨੇਡਾ, ਸਿੰਘਾਪੁਰ, ਮਲੇਸ਼ੀਆ ਪੰਜਾਬੀ ਕਿਰਤੀਆਂ ਦੀਆਂ ਪੈੜਾਂ ਅਤੇ ਯਾਦਾਂ ਦੇ ਨਿਸ਼ਾਨ ਅੱਜ ਭੀ ਸੰਭਾਲੀ ਬੈਠੇ ਹਨ। ਮਲੇਸ਼ੀਆ ਦੇ ਜੰਗਲਾਂ ਨੂੰ ਕੱਟ ਵੱਢ ਕੇ ਸਾਫ਼ ਕਰਨ ਲਈ ਮਲੇਸ਼ੀਅਨ ਸਿੱਖਾਂ ਦਾ ਭਾਰੀ ਯੋਗਦਾਨ ਹੈ। ਉੱਥੇ ਉਸ ਸਮੇਂ ਉਸਾਰੇ ਗਏ ਗੁਰ-ਅਸਥਾਨ ਸਿੱਖੀ ਦੇ ਵਾਧੇ ਤੇ ਪਸਾਰੇ ਲਈ ਇੱਕ ਮਹਾਨ ਉੱਦਮ ਉਪਰਾਲਾ ਸੀ। ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸਿੱਖ ਸੰਸਥਾਵਾਂ ਮਲੇਸ਼ੀਅਨ ਸਿੱਖਾਂ ਦੇ ਯੋਗਦਾਨ ਨਾਲ ਹੀ ਚਲਦੀਆਂ ਸਨ ਜੋ ਅੱਜ ਵੀ ਪੂਰੀ ਕਾਮਯਾਬੀ ਨਾਲ ਅੰਮ੍ਰਿਤਸਰ ਵਿਖੇ ਕਈ ਅਦਾਰੇ ਚਲਾ ਰਹੀਆਂ ਹਨ।

ਇੱਥੇ ਮੈਂ ਜਿਸ ਮਿੱਤਰ ਪਿਆਰੇ ਮਨਮੋਹਣੀ ਸਖ਼ਸ਼ੀਅਤ ਦਾ ਜ਼ਿਕਰੇ-ਖ਼ੈਰ ਕਰਨ ਲੱਗਾ ਹਾਂ ਉਨ੍ਹਾਂ ਦਾ ਨਾਮ ਸ੍ਰਦਾਰ ਸੁਰਜਨ ਸਿੰਘ ਗਿੱਲ ਹੈ ਜੋ ਆਪਣੇ ਆਪ ਵਿੱਚ ਇੱਕ ਸੰਸਥਾ ਸਮੁੱਚੀ ਸਭਾ ਹਨ। ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਜਾਬ ਦੀ ਲਹੂ-ਲੁਹਾਨ ਹੋਈ ਧਰਤੀ ਲਈ ਸੀਨੇ ਵਿੱਚ ਅੰਤਾਂ ਦਾ ਦਰਦ ਲਈ ਦਰਵੇਸ਼ਾਂ ਵਾਂਗੂੰ ਪ੍ਰਦੇਸਾਂ ਵਿੱਚ ਸ਼ਹਿਰ-ਸ਼ਹਿਰ, ਨਗਰ-ਨਗਰ, ਗਰਾਂ-ਗਰਾਂ ਘੁੰਮਦੇ ਹਨ। ਇਹੋ ਜਿਹੀ ਵਡਿਆਈ ਲੈਣੀ ਤਾਂ ਪੱਲਿਉਂ ਪੈਸੇ ਖ਼ਰਚ ਕੇ, ਕੌਮੀ ਸੇਵਾ ਭਾਵਨਾ ਅਤੇ ਵਿਰਸੇ ਨੂੰ ਉਜਾਗਰ ਕਰਨਾ ਉਨ੍ਹਾਂ ਲਈ ਭਗਤ ਪੂਰਨ ਸਿੰਘ ਵਾਂਗੂੰ ਇੱਕ ਤਪੱਸਿਆ ਹੈ।



ਮਲਾਇਆ ਦੀ ਮਿੱਟੀ ਦੇ ਜੰਮਪਲ ਅਤੇ ਕੈਨੇਡਾ ਨਿਵਾਸ ਰੱਖ ਰਹੇ ਸ੍ਰਦਾਰ ਗਿੱਲ ਨਾਲ ਮੇਰੀ ਮੁਲਾਕਾਤ ਉਨ੍ਹਾਂ ਵੱਲੋਂ ਕਰਵਾਏ ਗਏ ਖ਼ਾਲਸਾ ਮਿਲੇਨੀਅਮ ਐਵਾਰਡ ਸਮੇਂ ਲੰਡਨ ਵਿੱਚ ਹੋਈ ਸੀ, ਉਰਦੂ ਦਾ ਇੱਕ ਸ਼ੇਅਰ ਹੈ :

*"ਦੇਖਨੇ ਵਾਲੇ ਭੀ ਕਿਆਮਤ ਕੀ ਨਜ਼ਰ ਰਖਤੇ ਹੈਂ"*

ਜਾਂ ਅੰਮ੍ਰਿਤਾ ਪ੍ਰੀਤਮ ਨੇ ਕਦੇ ਲਿਖਿਆ ਸੀ :

*ਪੈਰਾਂ ਹੇਠ ਵਿਛਾਈ ਜ਼ਮੀਨ ਸਾਰੀ, ਉੱਪਰ ਗਗਨ ਵਾਲੀ ਚਾਦਰ ਤਾਣ ਲੀਤੀ।*
*ਤੇਰਾ ਮੂੰਹ ਕੀ ਵੇਖਿਆ ਮਿੱਤਰਾ ਉਏ ਅਸਾਂ ਰੱਬ ਦੀ ਜਾਤ ਪਛਾਣ ਲੀਤੀ।*



Sri Satguru Jagjit Singh Ji eLibrary NamdhariElibrary@gmail.com




ਬਸ ਉਦੋਂ ਤੋਂ ਹੀ ਲੈ ਕੇ ਅੱਜ ਤੱਕ ਹਿਰਦਿਆਂ ਅਤੇ ਦਿਲਾਂ ਦੀ ਸਾਂਝ ਭਾਖੜੇ ਡੈਮ ਦੀ ਕੰਕਰੀਟ ਦੀ ਕੰਧ ਵਾਂਗਰਾਂ ਪੱਕੀ ਹੋ ਗਈ। ਭੁੱਲੇ ਵਿਸਰੇ ਸਾਹਿਤਕਾਰਾਂ ਨੂੰ ਲੋਕਾਂ ਦੀ ਪਰ੍ਹਿਆ ਵਿੱਚ ਲੈ ਕੇ ਕਲਮਾਂ ਵਾਲਿਆਂ ਤੇ ਬੁਰਸ਼ਕਾਰਾਂ ਨੂੰ ਸਨਮਾਨ ਦੇਣੇ ਇਹ ਲੰਬੀ ਸੋਚ ਸ੍ਰਦਾਰ ਗਿੱਲ ਦੇ ਹਿੱਸੇ ਹੀ ਆਈ ਹੈ। ਮੈਂ ਗੱਲ ਕਰ ਰਿਹਾ ਸਾਂ ਉਨ੍ਹਾਂ ਦੀ ਜਨਮ ਭੂਮੀ ਮਲੇਸ਼ੀਆ ਦੀ ਜਿੱਥੇ ਉਨ੍ਹਾਂ ਦਾ ਬਚਪਨ ਜਵਾਨ ਹੋਇਆ। ਪਿਤਾ ਸ੍ਰਦਾਰ ਚੰਨਣ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਗ੍ਰਹਿ ਵਿਖੇ ਸੰਨ 1947 ਨੂੰ ਜਨਮੇ ਸ੍ਰਦਾਰ ਗਿੱਲ ਪ੍ਰਵਾਸੀ ਸਿੱਖਾਂ ਲਈ ਨਵੀਂ ਸੋਚ ਅਤੇ ਦਿਸ਼ਾ ਲੈ ਕੇ ਪਟਕੇ ਦਾ ਮੱਲ ਬਣਕੇ ਖ਼ਾਲਸਾ ਅਖਾੜੇ ਵਿੱਚ ਆਏ। ਪੰਜਾਬ ਦੀ ਧਰਤੀ ਤੋਂ ਵੀ ਵੱਖ-ਵੱਖ ਕਾਲਜਾਂ ਅਤੇ ਬਰਤਾਨੀਆਂ ਦੀਆਂ ਯੂਨੀਵਰਸਟੀਆਂ ਤੋਂ ਉੱਚ ਵਿਦਿਆ ਪ੍ਰਾਪਤ ਕੀਤੀ। ਆਪਣੇ ਆਪ ਨੂੰ ਉਨ੍ਹਾਂ ਪਾੜ੍ਹਿਆਂ ਦੇ ਹਾਣ ਦਾ ਬਣਾਇਆ ਜਿਸ ਨੂੰ ਉੱਚੀ ਵਿਦਿਆ ਵਿੱਚ ਆਈ.ਸੀ.ਐਸ. ਕਹਿੰਦੇ ਹਨ। ਸ੍ਰਦਾਰ ਕਪੂਰ ਸਿੰਘ ਅਤੇ ਸ੍ਰਦਾਰ ਗੁਰਤੇਜ ਸਿੰਘ ਆਈ.ਸੀ.ਐਸ. ਦੀ ਸੋਚ ਨੂੰ ਅੱਗੇ ਤੋਰਨ ਲਈ ਪੰਜਾਬੀ ਮਾਂ ਬੋਲੀ ਲਈ ਆਪਦਾ ਯੋਗਦਾਨ ਪ੍ਰਵਾਸੀ ਇਤਿਹਾਸ ਅੰਦਰ ਮਾਣਮੱਤੇ ਸ਼ਬਦਾਂ ਨਾਲ ਅੰਕਿਤ ਕੀਤਾ ਜਾਵੇਗਾ।

ਅੱਜ ਦੇ ਯੁੱਗ ਦੇ ਮਹਾਨ ਚਿੰਤਕ, ਸ਼੍ਰੋਮਣੀ ਭਗਤ, ਵਿਚਾਰਵਾਨ ਤੇ ਬੁੱਧੀਵਾਨ ਅਚਾਰੀਆ ਰਜਨੀਸ਼ ਦੇ ਸ਼ਬਦਾਂ ਅਨੁਸਾਰ ਬੰਦੇ ਨੂੰ ਚੰਗੇ ਕੰਮਾਂ ਦੇ ਗੁਣ ਉਨ੍ਹਾਂ ਦੇ ਜੀਨਜ਼ ਵਿੱਚੋਂ ਵਿਰਸੇ ਅਨੁਸਾਰ ਹੀ ਮਿਲਦੇ ਹਨ। ਬਾਬਾ ਰੁਸਤਮ ਸਿੰਘ ਆਸਟਰੇਲੀਆ ਅਤੇ ਚਾਚਾ ਕਾਮਰੇਡ ਸੁਰੈਣ ਸਿੰਘ ਘਾਲੀ ਜਿਨ੍ਹਾਂ ਦੇ ਖੰਡ ਵਰਗੇ ਬੋਲਾਂ ਨੇ ਸਾਡੇ ਮਿੱਤਰ ਨੂੰ ਲੋਰੀਆਂ ਦਿੱਤੀਆਂ ਤੇ ਲਾਡ ਲਡਾਏ, ਪ੍ਰਵਾਨ ਚੜ੍ਹਾਇਆ, ਜਿਨ੍ਹਾਂ ਦੀ ਅਰਦਾਸ ਸਦਕਾ ਕੈਨੇਡੇ ਵਿੱਚ ਜਾ ਕੇ ਦੁਨਿਆਵੀ ਠੇਕੇਦਾਰੀ ਨਾਲ ਪਰਿਵਾਰ ਦਾ ਗੁਜ਼ਾਰਾ ਵਧੀਆ ਢੰਗ ਨਾਲ ਤੋਰਿਆ। ਕਦੇ ਪੰਜਾਬੀ ਬੰਦਾ ਤੱਲਖ ਜਾਂ ਤੱਤਾ ਹੋਇਆ ਹੋਵੇ ਤਾਂ ਬੜਾ ਗੁੱਸੇ ਨਾਲ ਆਖੇਗਾ ਕਿ ਤੂੰ ਇਸ ਗੱਲ ਦਾ ਠੇਕਾ ਲਿਆ ਹੋਇਐ? ਸਾਡੇ ਯਾਰ ਨੇ ਸੱਚ ਮੁੱਚ ਹੀ ਨੇਕੀ ਕਰਨ ਦੀ ਠੇਕੇਦਾਰੀ ਕੀਤੀ ਹੈ। ਤੇ ਠੇਕਾ ਲਿਆ ਹੈ ਆਪਣੀ ਕੌਮ ਦੇ ਉੱਜਲ ਭਵਿੱਖ ਲਈ ਸੋਚਣ ਦਾ ਅਤੇ ਉਸ ਤੇ ਚੱਲ ਕੇ ਮਾਨਵ ਸਮਾਜ ਦੀ ਸੇਵਾ ਦਾ, ਖ਼ਾਲਸਾ ਮਿਲੇਨੀਅਮ ਐਵਾਰਡ ਦੀ ਗੱਲ ਕੈਨੇਡਾ ਨਿਵਾਸੀ, ਉਸ ਦੀ ਸੋਚ ਦੇ ਹਮਸਫ਼ਰ ਮਿੱਤਰਾਂ ਨੇ ਮਿਲ ਕੇ ਦਸ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਜਿਨ੍ਹਾਂ ਅਣਗੌਲੇ ਲੋਕਾਂ ਦਾ ਉਸ ਸਮੇਂ ਸਨਮਾਨ ਕੀਤਾ ਗਿਆ ਉਨ੍ਹਾਂ ਦੀ ਉਮਰ ਵਿੱਚ ਜ਼ਰੂਰ ਕੁੱਝ ਨਾ ਕੁੱਝ ਇਜ਼ਾਫਾ ਹੋਇਆ ਹੋਵੇਗਾ।

*ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥*



Sri Satguru Jagjit Singh Ji eLibrary NamdhariElibrary@gmail.com

ਨੰਦ ਲਾਲ ਨੂਰਪੁਰੀ, ਭਾਈ ਨੰਦ ਲਾਲ ਗੋਯਾ, ਭਾਈ ਕਾਨ੍ਹ ਸਿੰਘ ਨਾਭਾ ਅਤੇ ਪਤਾ ਨਹੀਂ ਕਿੰਨੇ ਸਨਮਾਨ ਦਿੱਤੇ ਗਏ ਜਿਨ੍ਹਾਂ ਨਾਲ ਸਨਮਾਨ ਲੈਣ ਵਾਲੇ ਤਾਂ ਬਾਗ਼ੋ-ਬਾਗ਼ ਹੋ ਗਏ ਪਰ ਜਿਨ੍ਹਾਂ ਦੇ ਨਾਮ ਤੇ ਦਿੱਤੇ ਗਏ ਉਹ ਵੀ ਇਤਿਹਾਸ ਵਿੱਚ ਮੁੜ ਚੇਤੇ ਕਰਵਾਏ ਗਏ, ਸ਼ਰਧਾਂਜਲੀ ਦਿੱਤੀ ਗਈ।

ਸ੍ਰਦਾਰ ਸੁਰਜਨ ਸਿੰਘ ਗਿੱਲ ਨਾਲ ਹਰ ਪੌਣਾਂ ਛੱਡਦੀ ਸਵੇਰ ਨੂੰ ਗੱਲ ਕਰਕੇ ਬਿਨ ਪੀਤੀਉਂ ਨਸ਼ਾ ਜਿਹਾ ਚੜ੍ਹ ਜਾਂਦਾ ਹੈ ਤੇ ਦਿਨ ਡਾਚੀ ਦੀ ਤੋਰ ਵਾਂਗ ਗੁਜ਼ਰਦਾ ਹੈ ਤੇ ਉਹ ਆਖਦੇ ਹਨ "you made my day" ਕਿ ਤੁਸੀਂ ਅੱਜ ਮੇਰਾ ਦਿਨ ਖ਼ੁਸ਼ੀਆਂ ਤੇ ਰੰਗੀਨੀਆਂ ਨਾਲ ਭਰ ਦਿੱਤਾ ਹੈ।

ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾ ਮਾਰੂ ਅਤੇ ਸ਼ਹੀਦ ਸ੍ਰਦਾਰ ਕਰਤਾਰ ਸਿੰਘ ਸਰਾਭਾ ਜੋ ਪੰਜਾਬੀ ਦਾ ਪਹਿਲਾ ਜੁਝਾਰੂ ਪੱਤਰਕਾਰ ਸੀ ਉਨ੍ਹਾਂ ਮਹਾਨ ਦੇਸ਼ ਭਗਤਾਂ ਤੇ ਯੋਧਿਆਂ ਦੀ ਪਾਈ ਪਿਰਤ, ਲੀਹ ਅਤੇ ਗਾਡੀ ਰਾਹ ਨੂੰ ਅੱਗੇ ਤੋਰਦਿਆਂ ਰਥਵਾਨ ਬਣਕੇ ਇਤਿਹਾਸ ਸਿਰਜ ਰਿਹਾ ਸਾਡਾ ਯਾਰ ਸੁਰਜਨ ਸਿੰਘ ਲੱਖ-ਲੱਖ ਨਹੀਂ ਬਲਕਿ ਕਰੋੜ-ਕਰੋੜ ਵਧਾਈ ਦਾ ਪਾਤਰ ਹੈ। ਵਧੀਆ ਟੌਪ ਕਲਾਸ ਕੱਪੜੇ ਤੇ ਪੋਚ-ਪੋਚ ਕੇ ਬੰਨ੍ਹੀ ਹੋਈ ਪੱਗ ਸੁਆਰ ਕੇ ਸਜਾਇਆ ਹੋਇਆ ਦਾੜ੍ਹਾ ਜਦੋਂ ਬੋਚ-ਬੋਚ ਕੇ ਪੱਬ ਧਰਦਾ ਹੈ ਤਾਂ ਇਉਂ ਜਾਪਦਾ ਹੈ ਜਿਵੇਂ ਜੱਟ ਆਪਣੀ ਪੱਕੀ ਹੋਈ ਫ਼ਸਲ ਵੇਖ ਕੇ ਮਾਣ ਕਰਦਾ ਹੋਵੇ। ਸ੍ਰਦਾਰ ਗਿੱਲ ਨੂੰ ਆਪਣੇ ਕੀਤੇ ਕੰਮਾਂ ਲਈ ਮਾਣ ਹੈ, ਇਸ਼ਕ ਹੈ, ਚਾਉ ਹੈ, "ਮੈ ਮਨ ਚਾਉ ਘਨੇਰਾ॥" ਆਪਣੇ ਫ਼ਲਸਫ਼ੇ ਨੂੰ ਅੱਗੇ ਤੋਰਨ ਦੀ ਜਾਂਚ ਉਸ ਨੂੰ ਖ਼ੂਬ ਆਉਂਦੀ ਹੈ।



*"ਮਾਣ ਸੁੱਚੇ ਇਸ਼ਕ ਦਾ ਹੈ ਹੁਸਨ ਦਾ ਦਾਅਵਾ ਨਹੀਂ"*

ਮਾਲਵੇ ਦੀ ਜਰਖੇਜ਼ ਧਰਤੀ ਦੇ ਪਿੰਡ ਘੱਲ ਕਲਾਂ ਦੀ ਮਿੱਟੀ ਦੀ ਮਹਿਕ ਨਾਲ ਲਬਰੇਜ਼ ਹੋਈ ਰੰਗੀਨ ਮਿਜਾਜ਼ੀ ਸ਼ਖ਼ਸੀਅਤ ਸ੍ਰਦਾਰ ਗਿੱਲ ਆਪਣੀ ਜੀਵਨ ਸਾਥਣ ਸ੍ਰਦਾਰਨੀ ਸੁਖਵੰਤ ਕੌਰ ਅਤੇ ਦੋ ਬੇਟੀਆਂ ਪਰਮਨੰਤ ਕੌਰ, ਪਰਮਤੰਤ ਕੌਰ ਅਤੇ ਬੇਟਾ ਦੇਵਿੰਦਰ ਸਿੰਘ ਨੂੰ ਪੂਰਾ ਪਿਆਰ, ਵਿਦਿਆ ਅਤੇ ਬਾਣੇ ਵਿੱਚ ਪਰਪੱਕ ਕਰਕੇ ਜੀਵਨ ਮਾਰਗ ਦੇ ਉੱਜਲ ਭਵਿੱਖ ਤੇ ਵਿਚਰਦਿਆਂ ਵੇਖ ਰਹੇ ਹਨ। ਮਾਲਵਾ ਪੰਜਾਬ ਦਾ ਮੁਕਟ ਹੈ ਦੁਆਬਾ ਦਿਲ ਤੇ ਮਾਝਾ ਖ਼ੁਸ਼ੀਆਂ ਦਾ ਜ਼ਾਮਨ ਤੇ ਦੇਸ਼ ਨੂੰ ਸ੍ਰੀ ਦਰਬਾਰ ਸਾਹਿਬ ਵਰਗੀਆਂ ਪਵਿੱਤਰ ਥਾਵਾਂ ਬਖ਼ਸ਼ਣ ਲਈ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਾਲਵੇ ਦੀ ਧਰਤੀ ਨੂੰ ਬਹੁਤੇ ਭਾਗ ਲਾਏ। ਦੀਨਾਂ ਕਾਂਗੜ ਦੀ ਧਰਤੀ ਤੇ ਪੁੱਤਰਾਂ ਦਾ ਦਾਨੀ ਨੇ ਲਿਖਾਰੀਆਂ ਨੂੰ ਨਵੇਂ ਅਤੇ ਸੱਚੇ ਸੁੱਚੇ ਇਤਿਹਾਸ ਦੀ ਸਿਰਜਣਾ ਲਈ ਕਲਮਾਂ ਦਾ ਪ੍ਰਸ਼ਾਦ ਵੰਡਿਆ ਸੀ ਤਾਂ ਕਿ ਕੌਮ ਦਾ ਇਹ ਸਰਮਾਇਆ ਲੋਕਾਂ ਨੂੰ ਰੌਸ਼ਨੀ ਦਿਖਾ ਸਕੇ। ਪੁਰਾਣੇ ਸਮਿਆਂ ਵਿੱਚ ਜਦੋਂ ਕੋਠੇ ਤੇ ਕੋਈ ਕਾਂ ਬੋਲਣਾ ਤਾਂ ਕਿਸੇ ਦੂਰ ਗਏ ਪ੍ਰਾਹੁਣੇ ਦੀ ਉਡੀਕ ਵਿੱਚ ਰੱਤੀਆਂ ਸੁਆਣੀਆਂ ਨੇ ਕਹਿਣਾ ਕਿ ਅੱਜ ਜ਼ਰੂਰ ਕੋਈ ਚੰਗੀ ਖ਼ਬਰ ਆਵੇਗੀ ਜਾਂ ਮਹਿਮਾਨ ਆਵੇਗਾ। ਉਸ ਵੇਲੇ ਇੱਕ ਲੋਕ ਬੋਲੀ ਪ੍ਰਸਿੱਧ ਹੋ ਗਈ "ਆ ਵੇ ਕਾਲਿਆ ਕਾਵਾਂ ਤੇਰੀ ਸੋਨੇ ਨਾਲ ਚੁੰਝ ਮੜ੍ਹਾਵਾਂ" ਮੈਂ ਕਿਸੇ ਕਾਂ ਦੀ ਸੋਨੇ ਨਾਲ ਚੁੰਝ ਮੜ੍ਹੀ ਹੋਈ ਕਦੇ ਨਹੀਂ ਵੇਖੀ। ਕਾਵਾਂ ਨੇ ਸਾਡੇ ਬਨੇਰਿਆਂ ਉੱਤੇ ਆ ਕੇ ਬੱਚਿਆਂ ਹੱਥੋਂ



Sri Satguru Jagjit Singh Ji eLibrary NamdhariElibrary@gmail.com

ਰੋਟੀਆਂ ਖੋਹ ਕੇ ਲੈ ਜਾਣੀਆਂ, ਛੱਤਾਂ ਤੇ ਸੁੱਕਣੇ ਪਾਈਆਂ ਮਕੱਈ ਦੀਆਂ ਛੱਲੀਆਂ ਲੈ ਜਾਣੀਆਂ, ਜਾਂ ਕੋਠੇ ਤੇ ਸੁਕਣੇ ਪਾਏ ਆਚਾਰ ਦੀ ਚਾਟੀ ਦਾ ਚੱਪਣ ਚੁੰਝ ਨਾਲ ਚੁੱਕ ਕੇ ਬਿਠਾਂ ਕਰ ਜਾਣੀਆਂ। ਪਰ ਲਿਖਾਰੀਆਂ ਦੇ ਕਦਰਦਾਨ ਗੁਰੂ ਗੋਬਿੰਦ ਸਿੰਘ ਨੇ ਕਲਮਾਂ ਨੂੰ ਸੋਨੇ ਦੀ ਚੁੰਝ ਲੁਆ ਕੇ ਭਾਵ ਸੋਨੇ ਦੀ ਨਿੱਬ ਵਾਲੀਆਂ ਕਲਮਾਂ ਆਪਣੇ ਜਾਨਾਂ ਤੋਂ ਪਿਆਰੇ ਕਵੀਆਂ ਨੂੰ ਬਖ਼ਸ਼ੀਆਂ। ਅੱਜ ਵੀ ਜਿਹੜੇ ਕਲਮ ਦੀ ਕਦਰੋ-ਕੀਮਤ ਜਾਣਦੇ ਹਨ ਉਹ ਵਧੀਆ ਕਲਮ ਭਾਵ ਪੈਨ ਜਿਵੇਂ ਸ਼ੈਫਰ ਗੋਲਡ, ਪਾਰਕਰ ਗੋਲਡ, ਕਰਾਸ ਗੋਲਡ ਆਦਿਕ ਰੱਖਦੇ ਹਨ। ਮੇਰੇ ਪੂਜਨੀਕ ਪਿਤਾ ਸਮਾਨ ਉਸਤਾਦ ਸ੍ਰਦਾਰ ਅਮਰ ਸਿੰਘ ਜੀ ਦੁਸਾਂਝ ਹਮੇਸ਼ਾਂ ਵਧੀਆ ਕਲਮ ਰੱਖਣ ਲਈ ਕਿਹਾ ਕਰਦੇ ਸਨ।



The pen is mighter than sword – ਭਾਵ ਕਲਮ ਤਲਵਾਰ ਨਾਲੋਂ ਜ਼ਿਆਦਾ ਤਾਕਤਵਰ ਹੁੰਦੀ ਹੈ। ਸ੍ਰਦਾਰ ਸੁਰਜਨ ਸਿੰਘ ਗਿੱਲ ਨੇ ਕਲਮਾਂ ਵਾਲਿਆਂ ਦਾ ਸਤਿਕਾਰ ਕਰਕੇ ਪੰਜਾਬ ਦੀ ਖ਼ਾਲਸਾਈ ਪਰੰਪਰਾ ਨੂੰ ਜ਼ਿੰਦਾ ਰੱਖਿਆ ਹੈ। ਇਸ ਮਾਣ ਮੱਤੇ ਕੰਮ ਲਈ ਸ੍ਰਦਾਰ ਸੁਰਜਨ ਸਿੰਘ ਗਿੱਲ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਨਮਾਨ ਹੋਣਾ ਚਾਹੀਦਾ ਹੈ। International Promotors of Punjabi & Sikh Writers & Poets (ਅੰਤਰ ਰਾਸ਼ਟਰੀ ਪੱਧਰ ਤੇ ਪੰਜਾਬੀ ਲੇਖਕਾਂ ਤੇ ਕਵੀਆਂ ਨੂੰ ਵਡਿਆਈ ਦੇਣ ਵਾਲਾ) ਮੈਂ ਹਰ ਜਗ੍ਹਾ, ਹਰ ਸਟੇਜ ਤੇ ਸਿੱਖਾਂ ਅਥਵਾ ਪੰਜਾਬੀਆਂ ਨੂੰ ਆਪਣਾ ਵਿਰਸਾ ਲਿਖਤੀ ਰੂਪ ਵਿੱਚ ਭਾਵ ਕਿਤਾਬਾਂ ਦੀ ਸ਼ਕਲ ਵਿੱਚ ਸੰਭਾਲਣ ਲਈ ਗਾਹੇ ਬਗਾਹੇ ਬੇਨਤੀ ਕਰਦਾ ਰਹਿੰਦਾ ਹਾਂ। ਪੰਜਾਬੀ ਦੀ ਇੱਕ ਕਹਾਵਤ ਹੈ ਕਿ ਨਗਾਰਖਾਨੇ 'ਚ ਤੂਤੀ ਦੀ ਕੌਣ ਸੁਣਦਾ ਹੈ। ਗੱਲ ਆਈ ਗਈ ਹੋ ਜਾਂਦੀ ਹੈ। ਪਰ ਅਸ਼ਕੇ ਸ੍ਰਾਰ ਗਿੱਲ ਦੇ ਜਿਸਨੇ ਸ਼ਿਵ ਕੁਮਾਰ ਬਟਾਲਵੀ ਨੂੰ ਮੁੜ ਸੁਰਜੀਤ ਕਰਨ ਲਈ ਜੋ ਮਿਹਨਤ ਤੇ ਘਾਲਣਾ ਘਾਲੀ ਹੈ ਉਸ ਨਾਲ ਪੰਜਾਬੀ ਪ੍ਰਤੀ ਮੋਹ ਅਤੇ ਇਸ਼ਕ ਦੀ ਤਸਵੀਰ ਪ੍ਰਗਟ ਹੋਈ ਹੈ ਅਤੇ ਇੱਕ ਵੇਰ ਫਿਰ ਪੰਜਾਬੀ ਜ਼ੁਬਾਨ ਦੇ ਵਿਹੜੇ ਨੂੰ ਭਾਗ ਲੱਗੇ ਹਨ। ਸ਼ਿਵ ਨੇ ਹੀ ਕਦੇ ਲਿਖਿਆ ਸੀ ਕਿ :

*ਸੁਣਿਉਂ ਵੇ ਕਲਮਾਂ ਵਾਲਿਉ, ਸੁਣਿਉਂ ਵੇ ਅਮਲਾਂ ਵਾਲਿਉ,*
*ਹੈ ਅੱਖ ਚੁੱਭੀ ਅਮਨ ਦੀ ਆਇਓ ਵੇ ਫੂਕਾਂ ਮਾਰਿਓ।*

ਇਸ ਇਕੀਵੀਂ ਸਦੀ ਅੰਦਰ ਤੇਜ਼ ਰਫ਼ਤਾਰ ਬਦਲਦੇ ਸਮੇਂ ਨਾਲ ਪੰਜਾਬੀ ਸਾਹਿਤ ਸਭਿਆਚਾਰ ਤੇ ਮਾਂ ਬੋਲੀ ਨੂੰ ਜੋ ਖੋਰਾ ਲੱਗ ਰਿਹਾ ਹੈ ਜੇ ਇਸ ਲਈ ਔਹੜ ਪੌਹੜ ਨਾ ਕੀਤੇ ਗਏ ਤਾਂ ਬਹੁਤ ਛੇਤੀ ਇਹ ਬੇੜਾ ਤਬਾਹੀ ਦੇ ਕੰਢੇ ਤੇ ਪੁੱਜ ਜਾਵੇਗਾ।

*ਬੇੜਾ ਬੰਧ ਸਾ ਸਕਿਉ ਬੰਧਨ ਕੀ ਬੇਲਾ (ਬਾਬਾ ਫਰੀਦ)*
*ਭਰ ਸਰਵਰ ਜਬ ਉਛਲੈ ਤਬ ਤਰਨ ਦੁਹੇਲਾ।*

ਢੇਰ ਚਿਰ ਪਹਿਲਾਂ ਬਾਬੂ ਫਿਰੋਜ਼ਦੀਨ ਸ਼ਰਫ ਦੇ ਸੀਨੇ 'ਚੋਂ ਇੱਕ ਦਰਦ ਭਿੱਜੀ ਹੂਕ ਨਿਕਲੀ ਸੀ :

*ਮੁੱਠਾਂ ਮੀਟ ਕੇ ਨੁਕਰੇ ਰਹੀ ਬੈਠੀ, ਟੁੱਟੀ ਹੋਈ ਸਿਤਾਰ ਰਬਾਬੀਆਂ ਦੀ।*
*ਪੁੱਛੀ ਜਿਨ੍ਹਾਂ ਨੇ ਬਾਤ ਨਾ ਸ਼ਰਫ ਮੇਰੀ, ਵੇ ਮੈ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।*



ਦੇਸ਼ ਪੰਜਾਬ ਦੇ ਵਾਰਿਸੋ! ਗੁਰੂ ਨਾਨਕ ਦੀ ਧਰਤੀ ਦੇ ਸੂਰਬੀਰ ਕਾਮੇ ਤੇ ਯੋਧੇ ਸਿਰਲੱਥ ਪ੍ਰਵਾਨਿਉਂ ਆਪਣੇ ਹੱਥਾਂ ਨਾਲ ਆਪਣੀ ਕਿਸਮਤ ਉਲੀਕਣ ਵਾਲੇ ਪ੍ਰਵਾਸੀ ਸ਼ਾਹ ਅਸਵਾਰੋ, ਆਉ ਮਾਂ ਦੇ ਦੁੱਧ ਦਾ ਕਰਜ਼ਾ ਉਤਾਰੀਏ ਕਿਉਂ ਨਾ ਇਹੋ ਜਿਹੇ ਸ੍ਰਦਾਰ ਗਿੱਲ ਵਰਗੇ ਦਰਵੇਸ਼ਾਂ ਦੇ ਮੋਢੇ ਨਾਲ ਮੋਢਾ ਤੇ ਕਦਮ ਨਾਮ ਕਦਮ ਮਿਲਾ ਕੇ ਚੱਲੀਏ ਤਾਂ ਕਿ ਮਰ ਰਹੇ ਸਭਿਆਚਾਰ ਲਈ ਕੁੱਝ ਤਾਂ ਚਾਰਾਜੋਈ ਕੀਤੀ ਜਾ ਸਕੇ, ਕੁੱਝ ਤਾਂ ਬਚਾਅ ਕੀਤਾ ਜਾ ਸਕੇ, ਉਪਾਅ ਕੀਤਾ ਜਾ ਸਕੇ। ਇਨ੍ਹਾਂ ਤੁਛ ਜਿਹੇ ਸ਼ਬਦਾਂ ਨਾਲ ਆਪਣੇ ਮਿੱਤਰ ਦੇ ਕੀਤੇ ਕੰਮਾਂ ਤੇ ਗ਼ਦ-ਗ਼ਦ ਹੁੰਦਾ ਹੋਇਆ ਰੱਬ ਜਿੱਡਾ ਮਾਣ ਮਹਿਸੂਸ ਕਰਦਾ ਹਾਂ। ਰੱਬ ਰਾਖਾ!

*ਮਾਂ ਬੋਲੀ ਪੰਜਾਬੀ ਦੇ ਵਾਰਿਸਾ ਵੇ, ਹਰ ਮੈਦਾਨ ਅੰਦਰ ਚੜ੍ਹਦੀ ਕਲਾ ਹੋਵੇ।*
*ਨਾਨਕ ਨਾਮ ਲੇਵਾ ਮਿੱਤਰਾ ਸੱਚ ਮੰਨੀਂ, ਤੇਰੇ ਭਾਣੇ ਸਰਬੱਤ ਦਾ ਭਲਾ ਹੋਵੇ।*

**ਗੁਰਦੀਪ ਸਿੰਘ ਸੰਧੂ (ਸੰਪਾਦਕ)**
**ਪੰਜਾਬ ਮੇਲ ਇੰਟਰਨੈਸ਼ਨਲ, ਲੰਡਨ।**



Sri Satguru Jagjit Singh Ji eLibrary NamdhariElibrary@gmail.com



*Shiv with his hosts, the 'Puris', at a cultural programme in his honour*

# Shiv - An Introduction

*Gopal Puri, Liverpool*



Shiv as the traditional poetical phenomenon was born out of the literary conjugation (Kalmi sanjog) of Amrita Pritam and Mohan Singh, to whom he appropriately dedicated his most important creation 'Birha too Sultan'. Both Amrita and Mohan had personally suffered in their respective love lives on account of circumstances beyond their control. In their romanticism therefore, a personal tinge of desperation was inevitable. Punjabi character is far more emotional, both in happiness as well as sadness, than all other people of the Indian subcontinent. To succeed as a poet, therefore, one must succeed in making people cry as well as bursting into hilarious laughter with the flow of the lines. In contradiction to Amrita and Mohan, Shiv therefore, developed the most superb art of recitation. He will be long remembered, like Warris Shah, for this emotional rendering of



Sri Satguru Jagjit Singh Ji eLibrary NamdhariElibrary@gmail.com

whatever he wrote. I was deeply impressed by his exposition of this vivid magic in the very first Kavita that he gave at our house – 'Ki puchhde ho hal fakiran da'. This rendering has the touch of Sehgal's voice – 'Dukhh ke Aab din bitat nahin' Shiv like Sehgal had the inborn gift of soul-touching expression. He needed words and lines and in this he had the help of his creators more than anyone else past or present. I feel that in her enthusiasm to present her 'poetic-child' to the world Amrita herself became too emotional in giving an unnecessary notoriety to Shiv as a heart-throwing lover (dil-pheank ashiq.). Any healthy child experiences love-stings like Shiv and dreams love dreams like he did, but every child cannot be a poet. In the lines that are attributed to this side of Shiv's creation there is the show of an irksome mockery. Every effort had been made to present him as a love-torn lover; as a half living, babbling corpse of love's treachery. True to his creators he was expounding all his life a love-lost theme, which was not, his own but was someone else's. He was never allowed to grow up beyond this slippery, muddy stage of deception with alcohol and tobacco in his body and love-potions in his mind.

But Shiv violently protested against this utter subjugation. In his 'Main to Main' he says :-

*'O mere sirjko*
*Tan de trashanhar butkaro*
*Tuhadi wansh wich hun bal nahin*
*Ik swal jamna si*
*Jida uttar wi moran ton*
*Tusan sabna sen sangna si*
*Te jad men oodri thup nen*
*Mere jungle choun langna si*
*Taan bhuldi sabiyata men*
*Shaher de moran to khangna si*

He had tried to find himself in his own self. Similar effort has been made again and again in 'Loona'. I feel sure that as time passes on people will try to find out more of the philosophy of his life.

I wish to add my own appreciation of the man who came in our life only for a few brief moments. I had not heard of him in India and met him for the first time when I went to receive him at Heathrow. I was not aware of his poetry either. During all his stay in England I had never found him sober, but he was wonderful to his onlookers, a joke to his critics, and an Enigma to himself. What I have written so far is the expression of a mixture of feelings that Shiv generated. But he had something really unique in him which would give him a place of pride amongst the poets of the Punjab. He will be remembered long after his contemporaries would be forgotten for having brought to the Punjabi Kavita a true expression of the Punjabi cultural panorama.

Although he has written on a variety of themes, the main theme in Shiv's Poetry is Chet, Chandni, Joban rutan, Bhalke - nah - rehna. He writes :-

*Phul di mahek mare - Par agg di mahek na mardi.*

A flower does not die only its odour disappears

That is why he wished after death to become first a star and then a second choice a flower to pervade on the earth and sky, be here day or night. A shining star gives its odour in its twinkling – the



Sri Satguru Jagjit Singh Ji eLibrary NamdhariElibrary@gmail.com

fire of love. Shiv was himself a fiery person. His laughter was tinged with fire of inner grief and showed a perpetual depression – a fiery depression. He was depressed, is no doubt.

*'Main niki umren sara dard banda baetha*
*eadi joban rat lahi dard kenwars hor deo'*

In the parts of the Shiwaliks there grow wild trees of har sangar (cyctanthes-arbor-tristis). The whole tree flowers around the early hours of the morning and fully-grown white-dreamy-tinged with orange flowers fall down almost in rain before daybreak. It is a wonderful sight to see this spread of flowers, a massacre of youthful beauty. These are picked up, woven into garlands and tied around hair knots by young village lassies. Bushes of chamba and chambeli have also fully grown white creamy flowers that fall in the same way, but not so spectacularly. Chambe-di-kali flower buds are more commonly attributed to chamba. I am sure Shiv as a child must have been impressed by this dramatic death of the full grown youthful flowers, dying at the height of life. This became Shiv's ideal –

*'Chambe da phul sajra naio tur paina'*

He grieved to see the death of a Chamba flower –

*Aj ik chambe da phul moea*
*Gal paona de pa ke bahin*
*Gora chetar chham chham roea*
*'Asaan te joban ruten marna*
*Mur jana asan bhare bharae*
*Hijer tere di kar prikarma.*

These lines are a superb poetry as an example of delicate sensitivity in expression. He filled sadness in the refreshing dew on the fallen flowers – as 'chham chham roaa' and confirmed his faith in the transmigration of the soul. He was truly a poet of nature-flower-soil-death and life, threading these into a garland of laughing sadness.

*'Pa tandan de thaknan*
*Kis lei katna*
*Oah nah aapna*
*Tan asan kis lai katna hor ji'*
He wanted to go –
*'Ni jinde main kal nahin rehna'*
*Asan kis khatar hun jina*
*Is miti kise chuman da phul*
*Kade nah ditha khiria'*

He was a lover of colour and beauty but with these he wanted purity, *integrity* and respectability. He complained of 'Widhwa rut' Widhwa joban.

Whatever personal and impersonal emotion Shiv experienced he spread these to the outside nature. His outer and inner nature became one many a time, and one waited for the other for the union.

*'Marua khirna babul Ji, Jad chetar mur aawe'*



Sri Satguru Jagjit Singh Ji eLibrary NamdhariElibrary@gmail.com

In every aspect of nature he found an image of death – a phenomena, which was unique in Shiv. He said –

*'Main chaonda haan aaj da gora din*
*Aanaei maot na mar jae'*

No other poet before him, to my knowledge, was so much glamorised by the phenomenon of death as Shiv was. As Shiv was, death truly is a gift that is given to a man at birth and that is not an end, but is a milestone on the journey from beyond to beyond. I see Shiv walking on this path.

*'Raat chanani main turan'*

He will continue to walk and we will continue to see him shining as a star at nightfall and touch him, smell him, enjoy him as a flower, like the 'chambe da phul', he will be seen again and again dying on the morning after morning. To him death seems more real then life. No one sees the flower coming into life, but what we see is only the death of the living. But death also is not the end.

*'Nahen sade tan koi rog awalra*
*Nahan sadi oomsr aakhiri*
*Babul ji*
*Aasan mukh da suraj*
*Dubde tak mur aonna'*

He will come back again on the horizon before sunset to live through the night.

I am waiting for that moment when Shiv, like Lord Shiv Ji will recreate himself out of the pieces and bits that he has left for all of us in the form of his poetry – the immortal images of his mortal frame.

*'Zindgi us ke liye ik maut thi*
*Vho pa gaya hai zindagi dar asal mar jane ke baad.'*

ਜੀਉਂਦੇ ਜੀ ਅਸੀਂ ਕਦੇ ਨਾ ਮਿਲੀਏ
ਬਾਅਦ ਮੋਇਆਂ ਪਰ ਸਜਣਾ ਵੇ।
ਪਿਆਰ ਅਸਾਡੇ ਦੀ ਕੱਥ ਸੁਚੜੀ,
ਆਲਮ ਕੁੱਲ ਸੁਣਾਵੇ ਵੇ।

(ਸ਼ਿਵ)



Sri Satguru Jagjit Singh Ji eLibrary NamdhariElibrary@gmail.com

# Shiv



Kartar Singh Duggal



Shiv Kumar's poetry is marked be the 'death-wish'.

*No one may sing this song of mine*
*I alone will sing it*
*I'll sing my song*
*And take my leave tomorrow*
*No one may sing this song of mine*
*I alone will sing it*

Shiv Batalvi recited this poem in a 'Kavidarbar' in 1963 : The entire audience was spellbound. A slim, tender, handsome youth, still in his twenties was enchanting the audience with the agony of his melody, a lock of his hair playing on his forehead that he tried to push back with his smoke-stained fingers. He closed his poem with these lines :

*When I and my song*
*Are no more tomorrow,*
*The lovelorn will come*
*Looking for us in the graveyard.*
*And all of them*
*With one voice would say,*
*"Very few are destined*
*To die like this."*

There was hardly an eye that had remained dry in the audience. It seems Shiv not only cherished the death wish, he found fulfilment in it. It was no sentimentality, he longed for it from the heart of his hearts and he wanted to die young, in the prime of his youth.

*I must die at the peak of my youth.*
*I must return in full bloom.*
*Having suffered pangs of your separation*
*I must die at the peak of my youth.*
*He who dies at the peak of his youth*
*Is turned into either a flower or a star.*
*It's only lovers who die young*
*Or those who are born lucky.*



Sri Satguru Jagjit Singh Ji eLibrary NamdhariElibrary@gmail.com

The more he sang about it, the more the idea gripped him. His life was full of deep wounds. His mother died, his father died, he fell in love with a girl; she was also snatched away by the cruel hand of death. He met another girl who looked like her. She jilted him and went abroad. A mere Patwari, he resigned his petty job in disgust. A sensitive youth who could not study beyond matriculation, he threw himself at the mercy of the cruel world; buffeted by circumstances, his soul was bruised. Is it not a lacerated heart that sings thus?

*My mother died when I was a suckling*
*My father when I was a baby.*
*My sweetheart died when I was young*
*My song died unsung.*
*I beg of you, my Lord,*
*Don't hold me up any more.*
*Let me go.*
*Give me a warm tear*
*And bless me with pangs of separation*
*Let me go.*

Then came a stage when he rejected himself. Such a mood in a perceptive youth, with dreamy eyes and love-songs on his lips, can be disastrous. And a disaster it was. Shiv started chain-smoking, drinking heavily and trying all sorts of odd drugs. He plunged himself headlong into the misery of disillusionment. His contemporaries, not even half as talented, were flourishing and he was left on the streets to live in the backwaters of Batala. His starving young wife and under-nourished children added to his agony. Shiv felt he had already outlived his days :

*My love!*
*What for should I live?*
*The soiled flesh of my face*
*Who will kiss or adore?*
*My love!*
*What for should I live?*

Shiv Kumar's *Luna* remains his masterpiece and deserves a little more elaborate notice. The poet has identified himself with Luna. In *Luna* he portrays the tragedy of the helplessness of the Indian woman who has remained at the mercy of her men folk; maybe he is a father or a husband or a son. No more would she be the helpless witness of injustice inflicted on her. She is determined to revolt If Salwahan the king, who is as old as Luna's father, can marry her, a teenager, why on earth cannot she fall in love with Puran who is of her own age? What if he is her stepson? Says Luna :

*When a father shares his daughter's youth*
*And no one is outraged*
*Why should the people's tongue*
*Wag at her*
*When Luna falls in love with Puran?*

Luna is no more the quiet, submissive, self-effacing Hindu woman. She resists her marriage to a man many times her age against her wishes. She rejects his high caste, his wealth, his status and his palaces. She would rather be happy with a young man of her own age, no matter if he is not well to do :

*I am an untouchable*
*Give me an untouchable husband,*



Sri Satguru Jagjit Singh Ji eLibrary NamdhariElibrary@gmail.com

*Take away these flowers*
*And give me a handful of thorns.*
*Snatch away the mansions*
*And give me a humble hut*
*I am the brick of a wall*
*Restore me to my place.*

But it was the man's world in which Luna saw the light of day. No protest avails her. No arguments. No reasoning. Her friend counsels her :

*Some fit*
*And some do not fit*
*We are the footwear of the menfolk.*

And she is married against her wishes to a man who has a son as old as Luna. "1 am only a kiss older than him" says Luna. She cannot persuade herself to be his mother. Moreover, his mother was still living, a gentle, pious lady who had been callously passed over. Luna refused to take her place. She would rather have Puran as her lover than as her son. But it is no easy decision. It is a revolt against her times. It is, perhaps, a revolt against nature. It is, indeed, a difficult decision. Luna is miserable. She suffers the pangs of conscience :

*Every hour*
*The serpent of fiery moments*
*Dances in the inner cells of my soul*
*And the demon of fear haunts me.*
*I sit and spin the wheel of time,*
*I spin the rays of the sun,*
*And wind them into a rope*
*And I hang this rope*
*From the roof of my years*
*And every day I die*
*With this multicoloured noose around my neck*
*And yet I die not.*

It. was certainly no easy decision for Luna to take, falling in love with one whom society gave her as her son. But she took decision. It was frightfully bold of her. She had to through fire. How she suffered! At one stage, it appears, it was no more an emotional involvement, it was a cold, calculated decision, a premeditated strategy, as it were :

*I have smeared his piety*
*With ugly charges,*
*These charges, in due course,*
*Will blossom into flowers*
*Which will bloom for years and years.*
*On this earth*
*When people will assemble anywhere*
*When people will sit anywhere*
*They will talk about Puran*
*The unblemished one.*



Sri Satguru Jagjit Singh Ji eLibrary NamdhariElibrary@gmail.com

And it seems there is a lot of truth in it Luna is not deceiving herself. She might have filled in seducing Puran, but she eventually, succeeded in winning him over to her point of view. He starts sympathising with her. In this lies Luna's victory. Puran is prepared to die, so that no Luna is ever exploited. It appears to be a sort of vicarious suffering :

*Slice away my limbs*
*So that no Salwahan, in future,*
*No father, in future*
*May share the youth of his daughter.*
*So that everyone*
*Marries in his own age group,*
*So that never again a Luna*
*Longs for a man other than her husband,*
*And never again the youth of a Luna is wasted away.*

Puran goes a step further. He condones Luna completely. He rationalises her actions and viewing the entire tragedy from a higher level confirms :

*There is no sinner here*
*Nor is there any saint;*
*It is the helplessness of circumstances*
*This helplessness is named sin.*

It is exactly at this spiritual level where Luna also finds herself in the end :

*From today, for Luna*
*There is no good, no evil*
*Nor day nor night*
*Every right is perhaps wrong*
*Every wrong is perhaps right.*

It is at this stage that Shiv passed away.

ਵੇ ਹੋ ਵੀ ਸਕਦੈ ਕਿ ਪੌਣ ਮਿੱਠੀ,
ਜੋ ਵਗ ਰਹੀ ਹੈ ਤੂਫ਼ਾਨ ਹੋਵੇ।
ਜਾਂ ਹੋ ਵੀ ਸਕਦੈ ਕਿ ਮੇਰੇ ਘਰ,
ਕੱਲ ਢੁਕਣੀ ਮੇਰੀ ਮਕਾਣ ਹੋਵੇ।



Sri Satguru Jagjit Singh Ji eLibrary NamdhariElibrary@gmail.com



# Amar Grewal

**Senior Presenter Sun Rise Radio, London, U.K.**



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com



Dr. C.S. Chan Sandhu

M.A. PhD.



Sri Satguru Jagjit Singh Ji eLibrary NamdhariElibrary@gmail.com

# HARJINDER SINGH KANWAL



Harjinder is a Kenyan born Sikh, who has dedicated his life to researching Sikh history and Sikh heritage.

After completing his studies in Nairobi, he initially worked in the banking industry but decided to switch his career. Armed with a diploma in horology from Swiss Watches of Switzerland, he opened his own business dealing injewelry and watches in 1970.

He left Kenya in 1975 with his wife and three children for better prospects in the United Kingdom. The family settled in Coventry, where his career took several turns. A short stint at running his second jewelry and watch business was followed by several years as a financial advisor and then finally as a teacher in a private college.

Harjinder's passion for Sikh cultural heritage received a boost when he met Dr. Chanan Singh Chan, a veteran collector of Sikh artefacts. As a result of their friendship and shared love of history, Harjinder developed and designed www.sikh-heritage.co.uk, a major resource on Sikhism.

Harjinder's cravingfor literature has seen him write, translate and edit more than a dozen books. His most renowned work is'Param PartapiPratimavli' -a Photographic Portrait of Sri SatguruPartapSingh Ji (1890-1959) , which is his magnum-opus, taking 16 years to research, compile and write.

He has been honored by Thailand Sikh Community and the Namdhari Sangat U.K. as well as the Sikh Union Club of Nairobi for his outstanding work on the Heritage of the East African Sikhs and the Sikh Union Club Nairobi.

He initiated the life and work of Shiv Kumar Batalvi few years ago and has edited this 'Tribute' in conjunction with S. Surjan Singh.

He lives with his wife Tarseim in Coventry. He enjoys playing an occasional round of golf in between his childhood passion for reading and research.

**Surjan Singh (MD)**



Sri Satguru Jagjit Singh Ji eLibrary NamdhariElibrary@gmail.com

# ਵੀਹਵੀਂ ਸਦੀ ਦੇ ਪੰਜਾਬੀ ਸਾਹਿਤਕਾਰ

ਡਾ. ਹ.ਸ. ਕੰਵਲ

ਪੰਜਾਬੀ ਛਾਪਾਖ਼ਾਨਾ ਦੇ ਪ੍ਰਵੇਸ਼ ਨਾਲ ਆਧੁਨਿਕ ਪੰਜਾਬੀ ਸਾਹਿਤ ਵਿੱਚ ਭਾਵਪੂਰਤ ਵਾਧੇ ਹੋਏ ਹਨ। ਪਿਛਲੀ ੧੯ਵੀਂ ਸਦੀ ਵਿੱਚ ਪੰਜਾਬ ਯੂਨੀਵਰਸਿਟੀ ਦੀ ਸਥਾਪਤੀ ਨੇ ਗਿਆਨੀ ਦੀ ਪ੍ਰੀਖਿਆ ਅਤੇ ਧਾਰਮਿਕ, ਰਾਜਸੀ ਅਤੇ ਸਭਿਆਚਾਰਕ ਲਹਿਰਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਬੋਲ ਬਾਲਾ ਕੀਤਾ ਅਤੇ ਹਰ ਖੇਤਰ ਵਿੱਚ ਉਤਸ਼ਾਹ ਅਤੇ ਉਮਾਹ ਭਰੀ ਰੌਣਕ ਪ੍ਰਫੁਲਤ ਹੋਣ ਲੱਗੀ। ਮੋਢੀਆਂ ਵਿੱਚ ਭਾਈ ਵੀਰ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਭਾਈ ਕਾਹਨ ਸਿੰਘ ਨਾਭਾ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਸੰਤ ਇੰਦਰ ਸਿੰਘ ਚਕ੍ਰਵਰਤੀ, ਫਿਰੋਜ਼ਦੀਨ ਸ਼ਰਫ਼, ਉਸਤਾਦ ਦਾਮਨ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਅਜੀਤ ਕੌਰ, ਸ਼ਰੀਫ਼ ਕੁੰਜਾਹੀ, ਫ਼ਖ਼ਰ ਜ਼ਮਾਂਨ, ਸ਼ਿਵ ਕੁਮਾਰ ਬਟਾਲਵੀ, ਡਾ. ਹਰਭਜਨ ਸਿੰਘ, ਨਾਨਕ ਸਿੰਘ, ਪਿਆਰਾ ਸਿੰਘ ਪਦਮ, ਵਣਜਾਰਾ ਬੇਦੀ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ, ਦਿਲਸ਼ਾਦ ਟਿਵਾਣਾ, ਬਾਵਾ ਪੂਰਨਾ ਨੰਦ (ਘੱਲ ਕਲਾਂ), ਊਧਮ ਸਿੰਘ ਮੌਜੀ, ਮਦਨਜੀਤ ਕੌਰ, ਡਾ. ਗੋਸਵਾਮੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰਭਜੋਤ ਕੌਰ, ਪ੍ਰਿੰ. ਬੇਅੰਤ ਕੌਰ, ਡਾ. ਆਤਮ ਹਮਰਾਹੀ, ਦਵਿੰਦਰ ਸਿੰਘ ਗਿੱਲ, ਡਾ. ਨਰੂਲਾ, ਡਾ. ਕੋਹਲੀ, ਤਾਰਾ ਸਿੰਘ ਅਨਜਾਣ, ਅਮਰ ਭਾਰਤੀ, ਰਤਨ ਸਿੰਘ ਜੱਗੀ, ਮਹਿੰਦਰ ਕੌਰ ਗਿੱਲ, ਰਜਿੰਦਰ ਸਿੰਘ ਬੇਦੀ, ਬਲਰਾਜ ਸਾਹਨੀ, ਤਜਿੰਦਰ ਸਿੰਘ ਰੰਧਾਵਾ ਅਤੇ ਹੋਰ ਦੇਸ ਬਦੇਸ਼ ਵਿੱਚ ਵਿਚਰਦੇ ਪੰਜਾਬੀ ਮਾਂ ਬੋਲੀ ਦੇ ਸੇਵਕਾਂ ਦਾ ਯੋਗਦਾਨ ਪ੍ਰਸ਼ੰਸਾ ਯੋਗ ਹੈ। ਕੈਨੇਡਾ ਵਿੱਚ ਗੁਰਦੇਵ ਸਿੰਘ ਮਾਨ, ਕਰਨੈਲ ਸਿੰਘ ਪਾਰਸ, ਕੁਲਵੰਤ ਸਿੰਘ ਬੀ.ਏ, ਅਜਮੇਰ ਰੋਡੇ, ਸੁਰਜੀਤ ਕਲਸੀ, ਗੁਰਚਰਨ ਰਾਮਪੁਰੀ ਅਤੇ ਰਵਿੰਦਰ ਰਵੀ, ਅਫ਼ਰੀਕਾ ਵਿੱਚ ਅਜੈਬ ਕੰਵਲ ਅਤੇ ਸੋਹਣ ਸਿੰਘ ਜੋਸ਼, ਅਤੇ ਅਸਟਰੇਲੀਆ ਵਿੱਚ ਸੋਹਨ ਸਿੰਘ ਰਾਹੀ—ਕੁਝ ਵਿਸ਼ੇਸ਼ ਕਲਮਾਂ ਵਾਲੇ ਹਨ ਅਤੇ ਕਰਮਾਂ ਵਾਲੇ ਹਨ ਜਿਹਨਾਂ ਉਤੇ ਸਾਨੂੰ ਮਾਣ ਹੈ।

## "ਮੋਗੇ ਦੇ ਰਤਨ"

ਮਾਲਵੇ ਵਿੱਚ ਇੱਥੋਂ ਦੇ ਵਸਨੀਕਾਂ ਵਾਂਗੂੰ ਸਾਹਿਤ ਦਾ ਪਿੜ ਵੀ ਖੁਲ੍ਹਾ ਡੁਲ੍ਹਾ ਹੈ। ਕੇਵਲ ਮੋਗੇ ਨੇ ਅਨੇਕ ਸਾਹਿਤਕਾਰ ਪੈਦਾ ਕੀਤੇ। ਤਿੰਨ ਨਾਮ ਤਾਂ ਪੰਜਾਬੀ ਵਿਅੰਗ-ਵਿਨੋਦ ਦੇ ਅਰਸ਼ ਉਤੇ ਚਮਕਦੇ ਸਦਾ ਬਹਾਰ ਸਿਤਾਰੇ ਹਨ : ਪ੍ਰਿੰ. ਕਨ੍ਹੱਈਆ ਲਾਲ ਕਪੂਰ, ਗੁਰਨਾਮ ਸਿੰਘ ਤੀਰ (ਚਾਚਾ ਚੰਡੀਗੜ੍ਹੀਆ) ਅਤੇ ਸ਼ੇਰ ਜੰਗ ਜਾਂਗਲੀ। ਇਨ੍ਹਾਂ ਤਿੰਨਾਂ ਰਤਨਾਂ ਨੇ ਪੰਜਾਬੀ ਘਰਾਂ ਅੰਦਰ ਖੇੜਾ ਅਤੇ ਤਨਜ਼ ਨਾਲ ਮਾਹੌਲ ਨੂੰ ਖ਼ੁਸ਼ਗਵਾਰ ਕਰ ਦਿੱਤਾ। ਮੋਗੇ ਤੋਂ ਹੀ ਗਲਾਸਗੋ ਵਾਸੀ ਪੁਰੀ ਸਾਹਿਬ ਜਲਵਾਗਰ ਹਨ ਜੋ ਤਿੰਨਾਂ ਪੰਜਾਬਾਂ ਨੂੰ ਜੋੜ ਰਹੇ ਹਨ।

ਯੂ.ਕੇ ਵਿੱਚ ਕੈਲਾਸ਼ਪੁਰੀ, ਸਾਥੀ ਲੁਧਿਆਣਵੀ, ਸ਼ਿਵਚਰਨ ਗਿੱਲ, ਗੁਰਦੇਵ ਸਿੰਘ ਮਥਾਰੂ, ਰਣਜੀਤ ਰਾਣਾ, ਪ੍ਰੀਤਮ ਸਿੱਧੂ, ਬਲਰਾਜ ਸਿੱਧੂ, ਮਖਣ ਸਿੰਘ ਮ੍ਰਿਗਿੰਦ, ਗੁਰਦੀਪ ਸਿੰਘ ਸੰਧੂ, ਬਲਹਾਰ ਸਿੰਘ ਰੰਧਾਵਾ, ਸਵਰਨ ਚੰਦਨ, ਚਮਨ ਲਾਲ ਚਮਨ, ਸੁਰਜੀਤ ਸਿੰਘ ਕਾਲਰਾ, ਗੁਰਦਿਆਲ ਸਿੰਘ ਰਾਏ ਅਤੇ ਅਨੇਕਾਂ ਹੋਰ ਲੇਖਕ ਕਾਰਜਸ਼ੀਲ ਹਨ। ਪੰਜਾਬ ਦੀਆਂ ਚਾਰੇ ਯੂਨੀਵਰਸਿਟੀਆਂ ਅਤੇ ਦਿੱਲੀ ਯੂਨੀਵਰਸਿਟੀ ਪੰਜਾਬੀ ਨੂੰ ਭਾਸ਼ਾ ਵਿਭਾਗ ਵਾਂਗੂੰ ਪ੍ਰਫੁਲਤ ਕਰ ਰਹੀਆਂ ਹਨ। ਇਹ ਦੌਰ ਪੰਜਾਬ ਦੀ ਚੜ੍ਹਤ ਦਾ ਹੈ।

## "ਮਾਲਵੇ ਦੇ ਤਿੰਨ ਮਾਰਤੰਡ"



ਮਾਲਵੇ ਦੀ ਪਾਵਨ ਧਰਤੀ ਨੇ ਵੱਡੇ-ਵੱਡੇ ਸੂਰਬੀਰਾਂ, ਬ੍ਰਹਮ-ਗਿਆਨੀਆਂ, ਸੁਤੰਤਰਤਾ ਦੇ ਪਰਵਾਨਿਆਂ, ਨੀਤੀਵਾਨਾਂ, ਪੱਥ-ਪ੍ਰਦਰਸ਼ਕਾਂ, ਬੁੱਧੀ-ਜੀਵੀਆਂ, ਮਹਾਂ-ਕਵੀਆਂ ਅਤੇ ਆਲਮ-ਲੇਖਕਾਂ, ਚਿੰਤਕਾਂ, ਸੰਗੀਤਕਾਰਾਂ, ਫ਼ਨਕਾਰਾਂ ਅਤੇ ਫ਼ੱਕਰ-ਬਿਰਤੀ ਵਾਲੇ ਅਲਬੇਲਿਆਂ ਵੀਰਾਂ ਅਤੇ ਭੈਣਾਂ ਨੂੰ ਜਨਮ ਦਿੱਤਾ, ਜਿਹਨਾਂ ਦੇ ਕ੍ਰਿਸ਼ਮਾਈ ਕਾਰਨਾਮੇ ਇਤਿਹਾਸ ਉੱਤੇ ਵਿਛੇ ਪਏ ਹਨ ਅਤੇ ਸਮਕਾਲੀ ਵਿਸ਼ਵ ਉੱਤੇ ਵੀ ਇਸ ਖਿੱਤੇ ਦੀ ਸਰਦਾਰੀ ਹੈ। ਮਹਾਂ ਕਵੀ ਦਯਾ ਸਿੰਘ ਆਰਿਫ਼ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਸਭ ਨੇ ਪੰਜਾਬੀ ਸ਼ਾਇਰੀ ਦਾ ਆਕਾਸ਼ ਰੁਸ਼ਨਾਇਆ। ਚਿੰਤਕਾਂ ਵਿੱਚ ਸਿਰਦਾਰ ਕਪੂਰ ਸਿੰਘ ICS ਪਹਿਲੇ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਦੀ



Sri Satguru Jagjit Singh Ji eLibrary NamdhariElibrary@gmail.com



ਲਾਫ਼ਾਨੀ ਕਲਮ ਦਾ ਬਦਲ ਅੱਜ ਤੱਕ ਪੈਦਾ ਨਹੀਂ ਹੋਇਆ। ਆਪ ਦੇ ਪਿੱਛੋਂ ਆਪਦਾ ਜਾ-ਨਸ਼ੀਨ ਸ. ਗੁਰਤੇਜ ਸਿੰਘ IAS ਨਾ ਕੇਵਲ ਗਹਿਰ ਗੰਭੀਰ ਚਿੰਤਕ ਹੈ ਸਗੋਂ ਮੌਜੂਦਾ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਵੀ ਹੈ। ਸੋ ਪਹਿਲਾ ਮਾਰਤੰਡ ਮਾਲਵੇ ਦਾ ਸਿਰਦਾਰ ਕਪੂਰ ਸਿੰਘ ਸੀ ਜਿਸਨੇ 'ਸਾਚੀ ਸਾਖੀ' ਵਿੱਚ ਅਜੋਕੇ ਸਮੇਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਵਾਲੇ ਨਾਲ ਸਿੱਖ-ਸਾਇਕੀ ਦੇ ਅਨੇਕ ਪਹਿਲੂਆਂ ਉੱਤੇ ਭਰਪੂਰ ਰੌਸ਼ਨੀ ਪਾਈ। ਸ. ਸੁਰਜਨ ਸਿੰਘ ਗਿੱਲ ਨੇ ਇਸ ਮਹਾਨ-ਕੋਸ਼ ਵਰਗੀ ਰਚਨਾ ਦਾ ਪੱਛਮੀ ਐਡੀਸ਼ਨ ਛਪਵਾ ਕੇ ਵੰਡਿਆ ਸੀ। ਇਹ ਮਾਲਵੇ ਦੇ ਇਸ ਮਹਾਨ ਮਾਰਤੰਡ ਨੂੰ ਇੱਕ ਅਜੇਹੀ ਸ਼ਰਧਾਂਜਲੀ ਭੇਟ ਕੀਤੀ ਸੀ ਜਿਸ ਦੀ ਸੂਖ਼ਮ ਮਹਿਕ ਸਾਰੇ ਬ੍ਰਹਿਮੰਡ ਵਿੱਚ ਅੱਜ ਤਕ ਫੈਲੀ ਹੋਈ ਹੈ। ਮੁਬਾਰਕਾਂ ਇਸ ਗੌਰਵਮਈ ਉੱਦਮ ਦੀਆਂ।



ਇਨ੍ਹਾਂ ਤਿੰਨਾਂ ਮਹਾਨ ਮਾਰਤੰਡਾਂ ਵਿੱਚੋਂ ਗਲਪਕਾਰ ਜਸਵੰਤ ਸਿੰਘ ਕੰਵਲ, ਮਾਲਵੇ ਦਾ ਤੀਜਾ ਸੂਰਜ ਹੈ, ਜਿਸ ਨੇ ੯੨ ਵਰ੍ਹਿਆਂ ਦੀ ਉਮਰ ਵਿੱਚ ੫੦ ਦੇ ਕਰੀਬ ਗਲਪਕਾਰੀ ਦੇ ਸ਼ਾਹਕਾਰ ਕੌਮ ਦੀ ਨਜ਼ਰ ਕੀਤੇ ਹਨ। ਇਸ ਉਮਰ ਵਿੱਚ ਵੀ ਉਹ ਪੰਜਾਬ ਦੀ ਖ਼ੁਸ਼ਹਾਲੀ ਅਤੇ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਜਾਨ ਤੋੜ ਕੇ ਗ਼ਾਮਜ਼ਨ ਹੈ। ਧਿਆਨ ਨਾਲ ਵੇਖੀਏ ਤਾਂ ਕੰਵਲ ਜੀ ਦੇ ਰਚੇ ਹੋਏ ਸਾਹਿਤ ਦੇ ਵਿੱਚ ਆਪ ਦੇ ਪਾਤਰ ਚਾਹ ਬਹੁਤ ਪੀਂਦੇ ਹਨ। ਠੀਕ ਹੀ ਆਪ ਦੀ ਲਿਖਤ ਪਾਠਕਾਂ ਨੂੰ ਜਾਗਰੂਪ ਕਰਦੀ ਹੈ। ਇਹੋ ਕਾਰਜ ਚਾਹ ਦਾ ਹੈ। ਦੋਨੋਂ ਹੀ ਇੱਕ ਦੂਜੇ ਦੇ ਪੂਰਕ ਹਨ ਅਤੇ ਭਰਪੂਰ ਜੀਵਨ ਜੀਣ ਲਈ ਉਤਸ਼ਾਹਤ ਕਰਦੇ ਹਨ। ਆਪ ਜੀ ਦਾ ਮਾਣ ਸਤਿਕਾਰ ਕਰਨਾ ਸੁਭਾਗਾਂ ਦੀ ਗੱਲ ਹੈ। ਮਾਲਵੇ ਦੇ ਇਸ ਮਹਾਨ 'ਬਾਈ ਜੀ' ਦੀ ਸਿਫ਼ਤ ਸਲਾਹ ਵਿੱਚ ਸ਼ਬਦ ਲਿਖਣ ਨਾਲੋਂ ਆਪ ਜੀ ਦੇ ਦਰਸਾਏ ਹੋਏ ਅਮਲੀ ਕਾਰਜਾਂ ਵਿੱਚ ਯੋਗਦਾਨ ਪਾਉਣਾ ਹਰ ਪੰਜਾਬੀ ਦਾ ਫ਼ਰਜ਼ ਬਣਦਾ ਹੈ।

# "ਚੰਨਣ ਦੀ ਮਹਿਕ"

ਡਾ. ਚੰਨਣ ਸਿੰਘ ਚੰਨ, ਪੰਜਾਬੀ ਭਾਸ਼ਾ, ਸਾਹਿੱਤ-ਸਭਿਆਚਾਰ ਦਾ ਅਜੇਹਾ ਸਫ਼ੀਰ ਹੈ। ਜੋ ਬਰਤਾਨੀਆ ਵਿੱਚ ਇਨ੍ਹਾਂ ਖੇਤਰਾਂ ਦੇ ਵਿਕਾਸ ਤੇ ਵਿਗਾਸ ਲਈ ਨਿਸ਼ਕਾਮ ਹੋ ਕੇ ਪਿਛਲੇ ਚਾਰ ਦਹਾਕਿਆਂ ਤੋਂ ਕਿਰਿਆਸ਼ੀਲ ਹੈ। ਆਪਨੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕਲਾ-ਵਸਤਾਂ, ਹੱਥ-ਲਿਖਤਾਂ, ਪੇਂਟਿੰਗਜ਼ ਤੇ ਹੋਰ ਮੁੱਲਵਾਨ ਪੁਸਤਕਾਂ ਇਕੱਤਿਰਤ ਕਰਨ ਤੇ ਉਨ੍ਹਾਂ ਦਾ ਸਮੇਂ-ਸਮੇਂ ਪ੍ਰਦਰਸ਼ਨ ਕਰਕੇ; ਸਭਿਆਚਾਰ ਦੇ ਵਿਰਸੇ ਤੇ ਰਿਸ਼ਤੇ ਨੂੰ ਸੁਰਜੀਤ ਰੱਖਣ ਤੇ ਲੋਕ-ਚੇਤੰਨਤਾ ਪੈਦਾ ਕਰਨ ਦੀ ਤਹਿਰੀਕ ਚਲਾਈ ਹੋਈ ਹੈ। ਆਪ ਦੀ ਸਾਹਿਤ ਸਿਰਜਨਾ ਵੀ ਆਪ ਦੇ ਸ਼ੌਕ ਵਾਂਗ ਇੱਕ ਵੱਖਰੀ ਨੁਹਾਰ ਤੇ ਸਭਿਆਚਾਰਕ ਉਚੇਚ ਦਾ ਮੁਹਾਵਰਾ ਰਖਦੀ ਹੈ।



*ਡਾ. ਚੰਨ ਕਾਕਾ ਦਲਜੀਤ ਸਿੰਘ ਨਾਲ ਵੈਨਕੂਵਰ ਵਿੱਚ*

ਪ੍ਰੋਫ਼ੈਸਰ ਮੋਹਨ ਸਿੰਘ ਜੀ ਲਿਖਦੇ ਹਨ, "ਚੰਨਣ ਸਿੰਘ ਚੰਨ ਨੂੰ ਦੇਖਿਆ, ਉਸਦੀ ਕਲਾ ਦੇ ਦਰਸ਼ਨ ਕੀਤੇ, ਉਸਦੀ ਕਵਿਤਾ ਨੂੰ ਸੁਣਿਆ, ਉਸਦੇ ਗੀਤਾਂ ਨੂੰ ਮਾਣਿਆ, ਉਹ ਸਚਮੁੱਚ ਹੀ ਕਈ ਕੋਮਲ ਕਲਾਵਾਂ ਦਾ ਮਿਲਣ ਬਿੰਦੂ ਹੈ। ਰਾਤ ਨੂੰ ਜਦ ਇਕੱਠੇ ਬੈਠੇ ਤਾਂ ਪਤਾ ਲੱਗਾ ਕਿ ਉਹ ਸੰਗਤੀ ਵੀ ਇੱਕ ਨੰਬਰ ਦਾ ਹੈ।"

ਕੁਲਵੰਤ ਸਿੰਘ ਵਿਰਕ ਚੰਨ ਬਾਰੇ ਲਿਖਦੇ ਹਨ, " ...ਬੁੱਲੇ ਸ਼ਾਹ ਤਕ—ਸ਼ੰਕਰਚਾਰੀਆ ਤੋਂ ਲੈ ਕੇ ਸ਼ਿਵ ਕੁਮਾਰ ਤਕ—ਨਾ ਕੇਵਲ ਚੰਨ ਪੜ੍ਹਦਾ ਗੁੜ੍ਹਦਾ ਹੀ ਹੈ ਸਗੋਂ ਖਿਲਰੇ, ਗੁਆਚੇ, ਮਿੱਧੇ, ਲਿਤਾੜੇ ਪੰਜਾਬ ਦੇ ਵਿਰਸੇ ਦਾ ਵੱਡਾ ਮੁੱਲ ਪਾ ਕੇ ਸੰਗ੍ਰਹਿ ਵੀ ਕਰਦਾ ਹੈ। ਸੱਚ ਮੁੱਚ ਪੰਜਾਬ ਨੇ ਇਸਦਾ ਕੁਝ ਦੇਣਾ ਹੈ।"

ਗੱਲ ਕੀ, ਇਸ ਪੰਜਾਬ ਦੇ ਸਪੂਤ ਦੀ ਬਹੁ-ਪੱਖੀ ਸ਼ਖ਼ਸੀਅਤ ਬਾਰੇ ਤਾਂ ਇੱਕ ਪੂਰੀ ਪੁਸਤਕ ਦੀ ਲੋੜ ਹੈ ।



Sri Satguru Jagjit Singh Ji eLibrary NamdhariElibrary@gmail.com

# Clarion Call of A Contemporary Genius

**Surjan Singh**



Throughout my life, I have eulogised those who love TRUTH! Adoring 'truth' has been my first love. I believe this is a great gift bestowed upon me by the Creator. I am busy in disseminating the message of truth day and night This trait was perhaps inborn but surely my parents have imbibed it in my character to preserve it and made me promote it everywhere.

Beyond my parents I have been deeply influenced by a number of personalities about whom I would write in details in the near future. International figures like prophet of peace Khalil Gibran, transcendental sage Soami Vivekanand, Osho Rajneesh and His Holiness Dalai Lama, the living apostle of humanitarian values in the present world, are some of the role models who have been instrumental in moulding and remoulding my life style. Although I have never met them but have earnestly tried to digest their philosophic ideology, which manifests in their inspiring literature.

More obvious and practical aspects of my thought building process is undoubtedly influenced by the late Sirdar Kapur Singh ICS, first National Professor of Sikhism I have enjoyed his intimate company in Washington, D.C., published his masterpiece SACHI SAKHI and distributed it in the Western World. I have lot of admiration of him. He taught me the lesson of 'truth', which is a very rare commodity in the present day world.

